ਮਾਸਕ ੴ ਪੱਤਰ


ਵਾਹਿਗੁਰੂ ਜੀ ਕੀ ਫ਼ਤਹਿ॥

# ਸੂਰਾ

ਅੰਮ੍ਰਿਤਸਰ

ਕਿਲ੍ਹਾ ਅਨੰਦਗੜ੍ਹ ਸਾਹਿਬ, ਸ੍ਰੀ ਅਨੰਦਪੁਰ

APRIL 1989



ਅਪ੍ਰੈਲ ੧੯੮੯

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ

ਅਨੰਦਪੁਰ ਸਾਹਿਬ ਵਿਖੇ ਨਾਮ ਦੇ ਚਲੂਲੇ ਰੰਗਾਂ ਵਿਚ ਹੋਲਾ ਮਹੱਲਾ ਮਨਾਉਣ ਦੀ ਰੀਤ ਚਲਾਈ ।

www.AKJ.Org

# ਤਤਕਰਾ


| | | |
|---|---|---|
| ਖ਼ਾਲਸਾ ਸੋ | ੩ | ਪ੍ਰੋਫੈਸਰ ਪੂਰਨ ਸਿੰਘ ਜੀ |
| ਦਸਮੇਸ਼ ਦ੍ਰਿੜ੍ਹਾਈ ਸੱਚੀ ਸਾਂਝੀਵਾਲਤਾ | ੪ | ਭਾ: ਸਾ: ਭਾਈ ਰਣਧੀਰ ਸਿੰਘ ਜੀ |
| ਭਗਉਤੀ ਪਦ ਦਾ ਤੱਤ ਗੁਰਮਤਿ ਨਿਰਣਾ | ੫ | ,, ,, ,, |
| ਖ਼ਾਲਸੇ ਦਾ ਸਿਰਜਨਾਤਮਿਕ ਮੰਡਲ | ੯ | ਪ੍ਰੋਫੈਸਰ ਜੋਗਿੰਦਰ ਸਿੰਘ ਜੀ |
| ਸਿੱਖੀ (ਅੰਮ੍ਰਿਤ) ਦੀ ਕੀਮਤ | ੧੩ | ਭਾਈ ਰਾਮ ਸਿੰਘ ਜੀ |
| ਸਿੱਖਾਂ ਨੂੰ......ਕੇਸ ਦਾਨ | ੧੫ | ਡਾਕਟਰ ਜਸਵੰਤ ਸਿੰਘ ਜੀ ਨੇਕੀ |
| ਭਗਤੀ ਤੇ ਤਲਵਾਰ ਦਾ ਮੇਲ | ੧੯ | ਪ੍ਰੋਫੈਸਰ ਸਾਹਿਬ ਸਿੰਘ ਜੀ |
| ਪੂਰਨ ਸੰਤ ਸਿਪਾਹੀ—ਖ਼ਾਲਸਾ | ੨੨ | ਗਿਆਨੀ ਭਜਨ ਸਿੰਘ ਜੀ |
| ਖ਼ਾਲਸਾ ਪੰਥ ਦੀ ਸਾਜਨਾ | ੨੩ | ਸ: ਸੰਗਤ ਸਿੰਘ ਜੀ ਹੀਰਾ |
| ਜਦੋਂ ਜਦੋਂ ਦਸਮੇਸ਼ ਜੀ ਨੇ ਸਿਰ ਝੁਕਾਇਆ | ੨੫ | ਪ੍ਰਿੰਸੀਪਲ ਨਾਹਰ ਸਿੰਘ ਜੀ |
| ਜਪੁ ਸਾਜਿਬ, ਤ੍ਵਪ੍ਰਸਾਦਿ ਸਵਯੇ, ਬੇਨਤੀ ਚੌਪਈ ਤੇ ਸੋਹਿਲਾ ਬਾਰੇ | ੨੯ | ਗੁਰਬਾਣੀ ਥਰੈਪੀ ਟ੍ਰਸਟ |
| ਗੁਰੂ ਪੰਥ ਦਾ ਸੰਕਲਪ | ੩੫ | ਡਾਕਟਰ ਜਸਵੰਤ ਸਿੰਘ ਜੀ ਨੇਕੀ |
| ਕੀ ਖਟਿਐ, ਕੀ ਗਵਾਇਐ ? | ੩੬ | – – – – – – |
| ਵੈਸਾਖੀ ਸਮੇਂ ਦਸਮ ਪਿਤਾ ਦੀ ਲਲਕਾਰ (ਕਵਿਤਾ) | ੩੭ | ਸ: ਅਤਰ ਸਿੰਘ ਜੀ ਨੀਰ |
| ੧੬੯੯ ਦੀ ਵੈਸਾਖੀ ,, | ੩੮ | ਗਿਆਨੀ ਗੋਪਾਲ ਸਿੰਘ ਜੀ ਮਿੱਤਰ |


| | | | |
|---|---|---|---|
| ਸ੍ਰੀ ਗੁਰੂ ਹਰਿ ਰਾਇ ਸਾਹਿਬ ਗੁਰਿਆਈ | ੪ ਅਪਰੈਲ | ਸ੍ਰੀ ਗੁਰੂ ਅਮਰਦਾਸ ਜੀ ਗੁਰਿਆਈ | ੬ ਅਪਰੈਲ |
| ਸ੍ਰੀ ਗੁਰੂ ਅੰਗਦ ਦੇਵ ਜੀ ਜੋਤੀ ਜੋਤਿ | ੯ ,, | ਸ੍ਰੀ ਗੁਰੂ ਹਰਿਗੋਬਿੰਦ ਜੀ ਜੋਤੀ ਜੋਤਿ | ੧੦ ,, |
| ਸ੍ਰੀ ਗੁਰੂ ਤੇਗ ਬਹਾਦਰ ਜੀ ਗੁਰਿਆਈ | ੨੮ ,, | ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਜੋਤੀ ਜੋਤਿ | ੧੮ ,, |
| ਸ੍ਰੀ ਗੁਰੂ ਤੇਗ ਬਹਾਦਰ ਜੀ ਅਵਤਾਰ | ੨੬ ,, | ਸ੍ਰੀ ਗੁਰੂ ਅਰਜਨ ਦੇਵ ਜੀ ਅਵਤਾਰ | ੨੮ ,, |

ਖਾਲਸੇ ਦਾ ਜਨਮ ਦਿਨ—ਵੈਸਾਖੀ ੧੩ ਅਪਰੈਲ

ਨੋਟ—ਥਾਂ ਦੀ ਥੁੜ ਕਰਕੇ ਐਤਕੀ ਦੋ ਚਲਦੇ ਲੇਖ ਤੇ ਕੁਝ ਕਵਿਤਾਵਾਂ ਛਪਣੋਂ ਰਹਿ ਗਈਆਂ ਹਨ ।

## ਸੂਰਾ ਮਾਸਿਕ ਪੱਤਰ ਨੂੰ ਪੁਜੀ ਸਹਾਇਤਾ

| | | |
|---|---|---|
| ਸ: ਸੰਤੋਖ ਸਿੰਘ, ਵਰਨਨ ਕੈਨੇਡਾ | ਸੂਰਾ ਦੀ ਚੜ੍ਹਦੀ ਕਲਾ ਲਈ | ੧੨੫-੦੦ |
| ਸ: ਕਰਤਾਰ ਸਿੰਘ ਗਰੀਬ, ਲੁਧਿਆਣਾ | ,, ,, ,, | ੧੧-੦੦ |
| ਬੀਬੀ ਪਰਮਜੀਤ ਕੌਰ, ਅੰਮ੍ਰਿਤਸਰ | ਚੜ੍ਹਾਵਾ ਸਮਾਗਮ | ੫੧-੦੦ |
| J.w.o. ਦੇਵਾ ਸਿੰਘ, ਆਮਲਾ | ਪਿਤਾ ਜੀ ਦੇ ਭੋਗ ਸਮੇਂ ਸ਼ਾਂਤੀ ਲਈ | ੨੫-੦੦ |
| ਸ: ਅਵਤਾਰ ਸਿੰਘ ਫ਼ਰਾਕਾ | ਸੂਰਾ ਦੀ ਚੜ੍ਹਦੀ ਕਲਾ ਲਈ | ੬੫੦-੦੦ |
| ਸ: ਰਾਮਾ ਸਿੰਘ ਸਾਊਥਾਲ (ਯੂ.ਕੇ) | ,, ,, ,, | ੪੮੯੨-੫੫ |
| ਸ: ਗੁਰਬਖ਼ਸ਼ ਸਿੰਘ ਗ੍ਰੇਵਜ਼ੈਂਡ (ਯੂ ਕੇ) | ,, ,, ,, | ੬੯-੩੦ |
| ਸ: ਕੁਲਵੰਤ ਸਿੰਘ ਪੁਰੀ ਛਿੰਦਵਾੜਾ | ਕੀਰਤਨ ਸਮਾਗਮ ਸਮੇਂ | ੨੧-੦੦ |


ਲਾਕਟ ਪ੍ਰਿੰਟਰਜ਼ ਬਾਜ਼ਾਰ ਬਾਬਾ ਭੌੜੀ ਵਾਲਾ, ਅੰਮ੍ਰਿਤਸਰ ਤੋਂ ਛਪਵਾ ਕੇ ਸੇਵਾ ਸਿੰਘ ਪ੍ਰਿੰਟਰ, ਪਬਲਿਸ਼ਰ ਤੇ ਸੰਪਾਦਕ ਨੇ ਅਖੰਡ ਕੀਰਤਨੀ ਜਥੇ ਵਲੋਂ ਬਾਜ਼ਾਰ ਮਾਈ ਸੇਵਾਂ, ਕੂਚਾ ਚਤਰ ਸਿੰਘ, ਅੰਮ੍ਰਿਤਸਰ ਤੋਂ ੧-੪-੮੮ ਨੂੰ ਪ੍ਰਕਾਸ਼ਤ ਕੀਤਾ ।

ਟੈਲੀਫੋਨ ਨੰਬਰ : 51847 ਘਰ : 43094


www.AKJ.Org

ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ ਸੋ ਕਹੀਅਤ ਹੈ ਸੂਰਾ ॥

ੴ ਵਾਹਿਗੁਰੂ ਜੀ ਕੀ ਫ਼ਤਹ

# ਸੂਰਾ

ਮਾਸਕ ਸ੍ਰੀ ਅੰਮ੍ਰਿਤਸਰ ਪੱਤਰ

ਸਾਲਾਨਾ ਚੰਦਾ

ਦੇਸ ੧੫-੦੦
ਇਕ ਪਰਚਾ ੧-੫੦

ਪਰਦੇਸ (ਸਾਰੇ ਦੇਸ)
ਸਾਲਾਨਾ ਚੰਦਾ

ਸਮੁੰਦਰੀ ਡਾਕ ੪੦-੦੦
ਹਵਾਈ ਡਾਕ ੧੦੦-੦੦

Foreign Subscription
Sea Mail 40-00
Air Mail 100-00

ਅਮਾਨਤੀ
ਲਾਈਫ਼ ਮੈਂਬਰ

ਦੇਸ ੧੫੦-੦੦
ਪਰਦੇਸ (ਸਾਰੇ ਦੇਸ)
ਸਮੁੰਦਰੀ ਡਾਕ ੪੦੦-੦੦
ਹਵਾਈ ਡਾਕ ੧੦੦੦-੦੦

ਅਖੰਡ ਕੀਰਤਨੀ ਜੱਥੇ ਵਲੋਂ ਨਿਰੋਲ ਗੁਰਮਤਿ ਮਾਸਕ ਪੱਤਰ

ਜਿਲਦ ੨੩ ਅਪਰੈਲ ੧੯੯੯ ਅੰਕ ੪

## ਖ਼ਾਲਸਾ ਸੋ

–ਖ਼ਾਲਸਾ ਸੋ ਜੋ ਅੰਦਰੋਂ ਜੋਗੀ ਹੋਵੇ, ਜੋਗ 'ਨਾਮ' ਤੇ 'ਬਾਣੀ' ਦਾ।

–ਖ਼ਾਲਸਾ ਸੋ ਜੋ ਜ਼ਾਲਮ ਦੀ ਇਟ ਆਵੇ ਤਾਂ ਪੱਥਰ ਨਾਲ ਉਸ ਦੀ ਇੱਟ ਭੰਨ ਦੇਵੇ।

–ਖ਼ਾਲਸਾ ਸੋ ਜੋ ਆਪੇ ਤੇ ਫ਼ਤਹਯਾਬ ਹੋਵੇ, ਮੌਤ ਨੂੰ ਤੁਛ ਸਮਝ ਕੇ ਡਰੇ ਨਾ, ਪਰ ਅੰਦਰਲੇ ਉਮਾਹ ਨਾਲ, ਦੇਹੀ ਨੂੰ ਸਫਲ ਕਰੇ।

ਹਰ ਇਕ ਸਿਖ, ਜੋਤਿ ਜਗੀ ਵਾਲਾ, ਇਕ ਦੀ ਅੰਦਰੋਂ ਟੇਕ ਵਾਲਾ, ਨਿਰਭੈ ਰਹਿਣ ਵਾਲਾ, ਪਰ ਭੈ ਨਾ ਦੇਣ ਵਾਲਾ, ਨਿਰਵੈਰ ਖ਼ਾਲਸਾ ਹੈ। ਐਸੇ ਸਾਰੇ ਸਿੱਖਾਂ ਦਾ ਇਕੱਠ 'ਖ਼ਾਲਸਾ' ਹੈ।

ਗੁਰੂ ਵੀ ਖ਼ਾਲਸਾ ਹੈ, ਖ਼ਾਲਸਾ ਵੀ ਗੁਰੂ ਹੈ। ਖ਼ਾਲਸਾ ਰੱਬ ਦੀ ਗੋਦ ਵਿਚ ਖੇਲ ਰਿਹਾ ਇਕ ਰੂਹਾਨੀ ਖ਼ਿਆਲ--ਧਿਆਨ ਹੈ, ਆਦਰਸ਼ ਹੈ, ਜਿਸ ਉਤੇ ਹਰ ਸਿਖ ਦਾ ਖ਼ਿਆਲ ਟਿਕ ਰਿਹਾ ਹੈ, ਜਿਵੇਂ ਜਹਾਜ਼ ਚਲਾਉਣ ਵਾਲੇ ਦਾ ਖ਼ਿਆਲ ਚਾਨਣ-ਮੁਨਾਰੇ* ਦੇ ਦੀਵੇ ਤੇ ਟਿਕਦਾ ਹੈ। ਖ਼ਾਲਸਾ ਉਹ ਨਮੂਨਾ ਹੈ, ਜਿਸ ਉਤੇ ਆਇਆਂ ਜਗਤ ਦੀ ਕਲਿਆਨ ਹੁੰਦੀ ਹੈ।

[ਪ੍ਰੋ: ਪੂਰਨ ਸਿੰਘ ਕ੍ਰਿਤ ''ਖੁਲ੍ਹੇ ਘੁੰਡ'' ਵਿਚੋਂ', 'ਦਸਮ ਗੁਰੂ ਜੀ ਡਲੇ ਪ੍ਰਤੀ'

*Light house



www.AKJ.Org

# ਦਸਮੇਸ਼ ਦ੍ਰਿੜਾਈ ਸੱਚੀ ਸੁੱਚੀ ਸਾਂਝੀਵਾਲਤਾ

[ਗੁਰਪੁਰ ਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ]

ਤੱਤ ਸਾਂਝੀਵਾਲਤਾ "ਖ਼ਾਲਸਾ" ਪੰਥ ਵਿਚ ਹੈ, ਜਿਥੇ ਕਿ ਗੁਰਸਿੱਖੀ ਵਿਚ ਕਦਮ ਰਖਦਿਆਂ ਘਟ ਘਟ ਅੰਦਰ ਜੋਤੀਸ਼ ਵਾਹਿਗੁਰੂ ਨਜ਼ਰ ਆਉਂਦਾ ਹੈ। ਅਪਣੱਤ ਜਾਂ ਪਰਾਇਆ ਹੱਕ ਮਾਰਨ ਦੀ ਲਾਲਸਾ ਉੱਕੀ ਹੀ ਮਿਟ ਜਾਂਦੀ ਹੈ। ਵੈਰ-ਵਿਰੋਧ ਤੇ ਖ਼ੁਦਗਰਜ਼ੀਆਂ ਦਾ ਨਿਸ਼ਾਨ ਹੀ ਨਹੀਂ ਰਹਿੰਦਾ। ਹਰ ਪ੍ਰਾਣੀ ਮਾਤ੍ਰ ਵਿਚ, ਹਰ ਜੀਵ ਵਿਚ ਗੁਰਮੁਖ ਵਿਅਕਤੀਆਂ ਨੂੰ ਵਾਹਿਗੁਰੂ ਜੀ ਜੋਤਿ ਨਜ਼ਰ ਆਉਂਦੀ ਹੈ।

ਏਕੁ ਪਿਤਾ ਏਕਸ ਕੇ ਹਮ ਬਾਰਿਕ ॥ —ਸੋਰਠਿ ਮ: ੫ ਘਰੁ ੨, ਪੰਨਾ ੬੧੧

ਵਾਲਾ ਰਿਸ਼ਤਾ ਉਸ ਦੀ ਸਾਰੀ ਮਾਨਵ-ਸ੍ਰਿਸ਼ਟੀ ਨਾਲ ਗੰਢਿਆ ਜਾਂਦਾ ਹੈ। ਸਰਬੱਤ ਦਾ ਭਲਾ ਚਾਹੁਣ ਵਾਲਾ ਖ਼ਾਲਸਾ, ਸਾਰੀ ਸ੍ਰਿਸ਼ਟੀ ਦਾ ਦੁਖ ਹਰਨ ਲਈ ਤੱਤਪਰ ਰਹਿੰਦਾ ਹੈ। ਜਿਥੇ ਕਿਤੇ ਵੀ ਪਾਪ ਦਾ ਪਸਾਰਾ ਹੋਵੇ, ਓਥੇ ਉਹ ਧਰਮ ਤੇ ਸੱਚਾਈ ਲਈ ਲੜਨ ਲਈ ਤਿਆਰ ਰਹਿੰਦਾ ਹੈ।

ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਸਾਂਝੀਵਾਲਤਾ ਤੋਂ ਅੱਜ ਸਾਡੇ ਬਹੁਤ ਸਾਰੇ ਸਿਖ ਹੀ ਖੁੰਝੇ ਫਿਰਦੇ ਹਨ। ਉਹ ਇਸ ਲਈ ਕਿ ਉਹ ਆਤਮਕ ਜੀਵਨ ਤੋਂ ਵਾਂਝੇ ਹਨ। ਉਨ੍ਹਾਂ ਦੀ ਮਾਨਸਕ ਤਸੱਲੀ ਜਾਂ ਆਤਮਕ ਤ੍ਰਿਪਤੀ ਪੂਰੀ ਨਹੀਂ ਹੁੰਦੀ। ਬਾਹਰੋਂ ਬਾਹਰੋਂ ਸਿਖ ਪੰਥ ਦੇ ਭਲੇ ਦੇ ਭੀ ਢੌਂਗ ਰਚਦੇ ਹਨ, ਅੰਦਰੋਂ ਉਹ ਪੂਰੇ ਨਹੀਂ ਤਾਂ ਅੱਧੇ ਨਾਸਤਕ ਜ਼ਰੂਰ ਹੁੰਦੇ ਹਨ। ਧਰਮ ਦੇ ਨਾਮ ਤੇ ਅਧਰਮ ਅਤੇ ਨਾਸਤਕਤਾ ਦਾ ਪਰਚਾਰ ਕਰਨਾ ਲੋੜਦੇ ਹਨ।

ਜਿਸ ਸਾਂਝੀਵਾਲਤਾ ਦੀ ਬੁਨਿਆਦ ਹੀ ਨਾਸਤਕਤਾ ਤੇ ਨਫ਼ਰਤ ਹੈ, ਉਸ ਸਾਂਝੀਵਾਲਤਾ ਨੂੰ ਮਾਨਵ ਜਾਤੀ ਨਾਲ ਹਮਦਰਦੀ ਕਿਥੋਂ ਹੋ ਸਕਦੀ ਹੈ? ਬੇਗ਼ਰਜ਼ ਹਮਦਰਦੀ ਉਨ੍ਹਾਂ ਵਿਚ ਹੋ ਹੀ ਨਹੀਂ ਸਕਦੀ, ਨਾ ਹੀ ਬੇਗ਼ਰਜ਼ ਕੁਰਬਾਨੀ ਤੇ ਸ੍ਰਿਸ਼ਟੀ ਦੀ ਸੇਵਾ ਦਾ ਮਾਦਾ ਉਨ੍ਹਾਂ ਵਿਚ ਆ ਸਕਦਾ ਹੈ। ਆਪਣੀ ਪਾਰਟੀ ਤੋਂ ਬਾਹਰ ਸਭ ਆਦਮੀ ਵੈਰੀ ਹੀ ਨਜ਼ਰ ਆਉਂਦੇ ਹਨ।

ਜਿਥੇ ਜ਼ੋਰ ਜ਼ੁਲਮ ਹੋਵੇ ਓਥੇ ਸੱਚਾਈ ਕਾਹਦੀ, ਧਰਮ ਕਾਹਦਾ? ਓਥੇ ਤਾਂ ਸਹਿਮ ਵਿਚ ਗੁਲਾਮ ਹੋਈ ਪਰਜਾ ਦੀ ਬਣਾਉਟੀ ਸਾਂਝੀਵਾਲਤਾ ਹੀ ਹੁੰਦੀ ਹੈ।

ਸੱਚੀ ਸਾਂਝੀਵਾਲਤਾ ਕੇਵਲ ਸ੍ਰੀ ਦਸਮੇਸ਼ ਜੀ ਦੇ ਪਰਮ ਪਵਿਤ੍ਰ ਸਮਾਜਕ ਤੇ ਅਧਿਆਤਮਕ ਅਸੂਲਾਂ ਤੇ ਹੀ ਹੋ ਸਕਦੀ ਹੈ। ਏਸ ਸਾਂਝੀਵਾਲਤਾ ਦੇ ਸਦਕੇ ਹੀ ਹਰ ਪਛੜੀ ਸ਼ਰੇਣੀ ਵਿਚੋਂ ਸਜੀਆਂ ਖ਼ਾਲਸਾ ਰੂਹਾਂ ਨੇ ਸਦੀਆਂ ਦੀ ਜੰਮੀ ਮੁਗ਼ਲ ਸਲਤਨਤ ਦਾ ਤਖ਼ਤਾ ਉਲਟਾ ਦਿਤਾ। ਜ਼ੁਲਮ ਦਾ ਥਾਂ ਥਾਂ ਟਾਕਰਾ ਕਰ ਕੇ ਹਰ ਦੀਨ ਦੁਖੀ ਦੀ, ਬਿਨਾਂ ਰਾਜਸੀ ਗ਼ਰਜ਼ ਦੇ ਸਹਾਇਤਾ ਕੀਤੀ। ਅਗਰ ਸੰਸਾਰ ਉਤੇ ਕੋਈ ਸਥਾਈ ਸਾਂਝੀਵਾਲਤਾ ਹੋਈ, ਉਹ ਦਸਮੇਸ਼ ਜੀ ਦੇ ਇਨ੍ਹਾਂ ਪਰਮ ਅਸੂਲਾਂ ਉਤੇ ਹੀ ਹੋ ਸਕਦੀ ਹੈ।

["ਗੁਰਮਤਿ ਲੇਖ" ਪੁਸਤਕ ਵਿਚੋਂ

---

# ਏਕ ਹੀ ਸਰੂਪ ਸਭੈ

ਦੇਹਰਾ ਮਸੀਤ ਸੋਈ, ਪੂਜਾ ਔ ਨਿਵਾਜ ਓਈ, ਮਾਨਸ ਸਬੈ ਏਕ ਪੈ ਅਨੇਕ ਕੋ ਭ੍ਰਮਾਉ ਹੈ ॥
ਦੇਵਤਾ ਅਦੇਵ ਜੱਛ ਗੰਧ੍ਰਬ ਤੁਰਕ ਹਿੰਦੂ, ਨਿਆਰੇ ਨਿਆਰੇ ਦੇਸਨ ਕੇ ਭੇਸ ਕੋ ਪ੍ਰਭਾਉ ਹੈ ॥
ਏਕੈ ਨੈਨ ਏਕੈ ਕਾਨ ਏਕੈ ਦੇਹ ਏਕੈ ਬਾਨ, ਖਾਕ ਬਾਦ ਆਤਸ਼ ਔ ਆਬ ਕੋ ਰਲਾਉ ਹੈ ॥
ਅਲਹ ਅਭੇਖ ਸੋਈ, ਪੁਰਾਨ ਔ ਕੁਰਾਨ ਓਈ, ਏਕ ਹੀ ਸਰੂਪ ਸਭੈ ਏਕ ਹੀ ਬਨਾਉ ਹੈ ॥੧੬॥੮੬॥

[ਪਾ: ੧੦, ਅਕਾਲ ਉਸਤਤਿ



www.AKJ.Org

# ਭਗਉਤੀ ਪਦ ਦਾ ਤੱਤ ਗੁਰਮਤਿ ਨਿਰਣਾ

[ਗੁਰਪੁਰ ਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ]

ਸ੍ਰੀ ਦਸਮੇਸ਼ ਜੀ ਨੇ ਅਕਾਲ ਪੁਰਖ ਜੀ ਨੂੰ ਅਨੇਕਾਂ ਖੰਡੇ-ਖੜਗੇਸ਼ੀ, ਤੇਜ ਪ੍ਰਤਾਪੀ, ਤੇਜੱਸਵੀ ਨਾਵਾਂ ਨਾਲ ਸੰਕੇਤ ਕੀਤਾ ਹੈ। ਜੈਸਾ ਕਿ :–

ਅਸਿ ਧੁਜ ਜੀ, ਸ੍ਰੀ ਕਾਲ ਜੀ, ਖੜਗ ਕੇਤ ਜੀ, ਅਸਿਪਾਨ ਜੀ, ਖੜਗੇਸ਼ ਜੀ, ਮਹਾਂ ਕਾਲ ਜੀ, ਆਦਿਕ ਅਨੇਕਾਂ ਨਾਮ ਸ੍ਰੀ ਦਸਮੇਸ਼ ਮੁਖਵਾਕ ਬਾਣੀ ਬਚਿੱਤ੍ਰ ਨਾਟਕ ਵਿਖੇ ਆਉਂਦੇ ਹਨ ਅਤੇ ਕਿਤੇ ਵੀ ਦੇਵੀ ਦੇ ਅਰਥਾਂ ਵਿਚ 'ਭਗਉਤੀ' ਪਦ ਨੂੰ ਨਹੀਂ ਵਰਤਿਆ। ਸ੍ਰੀ ਅਕਾਲ ਪੁਰਖ ਜੀ ਖੜਗਕੇਤ ਪਾਸੋਂ, ਖੰਡੇ-ਖੜਗੇਸ਼ੀ ਨਾਮ ਦੀ ਦੀਖਿਆ ਲੈ ਕੇ ਜਦੋਂ ਦੁਰਗਾ ਨੇ ਹੱਥ ਵਿਚ ਭਗਉਤੀ (ਸ੍ਰੀ ਸਾਹਿਬ) ਫੜੀ ਤਾਂ ਸਰਬੱਤ੍ਰ ਦੈਂਤਾਂ ਰਾਖਸ਼ਾਂ ਦਾ ਦਾਹ (ਨਾਸ) ਹੋਇਆ। ਜੈਸਾ ਕਿ :–

ਤੈ ਹੀ ਦੁਰਗਾ ਸਾਜਿ ਕੇ ਦੈਂਤਾਂ ਦਾ ਨਾਸੁ ਕਰਾਇਆ ॥੨॥ –ਚੰਡੀ ਦੀ ਵਾਰ, ਪਾ: ੧੦

ਰੂਪੀ ਸ੍ਰੀ ਗੁਰੂ ਦਸਮੇਸ਼ ਮੁਖਵਾਕ ਵਿਖੇ ਵਰਨਣ ਹੈ। ਅਕਾਲ ਪੁਰਖ ਜਿਸ ਨੂੰ ਬਲ ਬਖਸ਼ੇ ਤੇ ਆਪਣਾ ਤੇਜੱਸਵੀ ਬਲ ਪ੍ਰਦਾਨ ਕਰੇ, ਓਸੇ ਤੋਂ ਹੀ ਦੁਸ਼ਟਾਂ ਦੈਂਤਾਂ ਦੇ ਵਿਨਾਸ਼ ਕਰਨ ਦੀ ਸੇਵਾ ਲੈ ਸਕਦਾ ਹੈ। ਐਥੋਂ ਤਾਈਂ ਕਿ :–

ਨੀਕੀ ਕੀਰੀ ਮਹਿ ਕਲ ਰਾਖੈ ॥ ਭਸਮ ਕਰੈ ਲਸਕਰ ਕੋਟਿ ਲਾਖੈ ॥੫॥ (੧੧)

ਗਉੜੀ ਸੁਖਮਨੀ ਮ: ੫, ਪੰਨਾ ੨੮੫

ਗੁਰਵਾਕ ਦੇ ਭਾਵ ਅਨੁਸਾਰ ਕਲਾਧਾਰੀ ਅਕਾਲ ਪੁਰਖ ਜੇ ਨਿੱਕੀ ਜਿਹੀ ਕੀੜੀ ਨੂੰ ਬਲ ਪ੍ਰਦਾਨ ਕਰੇ ਤਾਂ ਉਸ ਕੀੜੀ ਵਿਚ ਕਲਾ-ਕ੍ਰਿਸ਼ਮੀ ਤੇਜੱਸਵੀ ਬਲ ਪਾ ਕੇ, ਉਸੇ ਕੀੜੀ ਪਾਸੋਂ, ਕਰੋੜਾਂ ਦੂਤੀ ਲਸ਼ਕਰਾਂ ਨੂੰ ਫਨਾਹ ਤੇ ਭਸਮ ਕਰਾ ਸਕਦਾ ਹੈ।

ਦੁਰਗਾ ਨੂੰ ਮਹਿਜ਼ ਇਕ ਤ੍ਰੀਮਤ ਮਤ ਖ਼ਿਆਲ ਕਰੋ, ਦੇਵੀ ਮਤ ਖ਼ਿਆਲ ਕਰੋ, ਉਸ ਅੰਦਰ ਅਕਾਲ ਪੁਰਖ ਨੇ ਕਲਾ-ਕ੍ਰਿਸ਼ਮੀ ਤੇ ਆਕ੍ਰਖਣੀ ਬਲ ਪਾਇਆ ਤਾਂ ਅਨੇਕਾਂ ਸਮੂਹ ਦੈਂਤਾਂ ਦਾ ਨਾਸ਼ ਕਰਾਇਆ। ਇਸ ਕਲਾ-ਕ੍ਰਿਸ਼ਮੀ ਬਲ ਬਿਹੂਣ ਤੇ ਖੜਗ-ਪ੍ਰਤਾਪੀ-ਦੀਖਿਆ ਹੀਣ ਭਾਵੇਂ ਲੱਖ ਕੋਟਿ ਖੂਹਣੀਆਂ ਦੇ ਲਸ਼ਕਰਾਂ ਦੇ ਲਸ਼ਕਰ ਹੋਣ, ਉਹਨਾਂ ਤੋਂ ਕੁਝ ਵੀ ਨਹੀਂ ਸਰ ਸਕਦਾ। ਭਾਵੇਂ ਅਜਿਹੇ ਨਿਗੁਰੇ, ਗੁਰ-ਦੀਖਿਆ-ਹੀਣ ਲਸ਼ਕਰਾਂ ਦੇ ਸਮੱਗਰ ਨਿਪੁੰਸਕ ਅਖੌਤੀ ਜੋਧਿਆਂ ਦੇ ਹੱਥਾਂ ਵਿਚ ਤਲਵਾਰਾਂ ਕਿਉਂ ਨਾ ਫੜਾਈਆਂ ਜਾਣ। ਇਹੋ ਕਾਰਨ ਹੈ ਕਿ ਸ਼ਸਤਰ ਰੂਪੀ ਸ੍ਰੀ ਸਾਹਿਬ (ਭਗਉਤੀ) ਤੋਂ ਸ੍ਰੀ ਦਸਮੇਸ਼ ਜੀ ਦੇ ਸਾਜੇ ਨਿਵਾਜੇ ਖਾਲਸਾ ਜੀ ਹੀ ਵਰੋਸਾਏ ਗਏ ਅਤੇ ਹੁਣ ਵੀ ਵਰੋਸਾਏ ਜਾ ਰਹੇ ਹਨ, ਕਿਉਂਕਿ ਉਨ੍ਹਾਂ ਨੇ ਖੰਡੇ ਦਾ ਅੰਮ੍ਰਿਤ ਛਕਿਆ ਹੋਇਆ ਸੀ ਤੇ ਛਕਿਆ ਹੋਇਆ ਹੁੰਦਾ ਹੈ। ਬਿਨਾਂ ਤਿਸ ਖੰਡੇਧਾਰ ਪਾਹੁਲ ਛਕੇ ਦੇ, ਖੰਡੇ ਖੜਗੇਸ਼ੀ ਗੁਰ-ਦੀਖਿਆ ਲਏ ਦੇ, ਇਹ ਸ੍ਰੀ ਸਾਹਿਬ ਰੂਪੀ ਤਲਵਾਰ ਯੁੱਧ ਵਿਖੇ ਕਿਸੇ ਦੇ ਕੰਮ ਨਹੀਂ ਆ ਸਕਦੀ। ਜਿਨ੍ਹਾਂ ਨੂੰ ਖੰਡੇ ਪ੍ਰਤਾਪੀ ਸ੍ਰੀ ਸਾਹਿਬ ਦਾ ਸਨਮਾਨ ਤੇ ਗੁਰਮਤਿ ਸਤਿਕਾਰ ਹੈ, ਉਨ੍ਹਾਂ ਦੇ ਹੱਥਾਂ ਵਿਚ ਆਇਆਂ ਹੀ ਸ੍ਰੀ ਸਾਹਿਬ ਸੱਚਾ ਸ਼ੋਭਨੀਕ ਖੰਡੇਧਾਰ ਵਾਹ ਦਾਹ ਦਾ ਕੰਮ ਲੈ ਸਕਦੀ ਹੈ। ਸ੍ਰੀ ਦਸਮੇਸ਼ ਜੀ ਨੇ ਇਸੇ ਕਰਕੇ ਹੀ ਇਹ ਸ੍ਰੀ ਮੁਖਵਾਕ ਉਚਾਰਨ ਕੀਤੇ ਹਨ :—

ਅਸਿ ਕ੍ਰਿਪਾਨ ਖੰਡੋ ਖੜਗ ਤੁਬਕ ਤਬਰ ਅਰ ਤੀਰ ॥
ਸੈਫ ਸਰੋਹੀ ਸੈਹਥੀ ਯਹੈ ਹਮਾਰੇ ਪੀਰ ॥੩॥ –ਸ਼ਸਤ੍ਰਨਾਮਾ, ਦਸਮ ਗ੍ਰੰਥ

ਸੋ ਸ੍ਰੀ ਦਸਮੇਸ਼ ਜੀ ਨੇ ਸਮੂਹ ਸ਼ਸਤਰਾਂ ਦਾ ਯਥਾ ਜੋਗ ਸਨਮਾਨ ਸਤਿਕਾਰ ਐਥੋਂ ਤਕ ਕੀਤਾ ਹੈ ਕਿ ਸ਼ਸਤਰਾਂ ਨੂੰ ਪੀਰ ਕਰਕੇ ਪੂਜਣ ਦੀ ਸਿੱਖਿਆ ਦਿੱਤੀ ਹੈ। ਪਰ ਇਸ ਦਾ ਅਰਥ ਇਹ ਹਰਗਿਜ਼ ਨਹੀਂ, ਜੈਸੇ ਕਿ ਅੱਜ ਕਲ੍ਹ ਦੇ ਧੁਰ ਤੋਂ ਬਿਗੜੇ ਹੋਏ ਹਿੰਦੂ ਖ਼ਿਆਲਾਂ ਵਾਲੇ ਲਹੂ ਦਾ ਤਿਲਕ ਸ਼ਸਤਰਾਂ ਨੂੰ ਲਾ ਕੇ ਪੂਜਦੇ ਹਨ। ਇਹ ਉਨ੍ਹਾਂ ਦੀ ਨਿਰੀ ਮਨਮਤਿ ਹੈ।



www.AKJ.Org

ਪਰ ਇਸ ਵਿਚ ਰੰਚਕ ਸੰਦੇਹ ਨਹੀਂ ਕਿ ਤੇਜ ਪ੍ਰਤਾਪੀ ਸ਼ਸਤਰ ਸਨਮਾਨਕ ਖੜਗਧਾਰੀ ਸਿੰਘਾਂ ਦੇ ਹੱਥਾਂ ਵਿਚ ਆਈ ਤਲਵਾਰ ਹੀ ਸੱਚੀ ਭਗਉਤੀ (ਸ੍ਰੀ ਸਾਹਿਬ) ਦਾ ਕੰਮ ਦੇ ਸਕਦੀ ਹੈ। ਸ੍ਰੀ ਅਕਾਲ ਪੁਰਖ ਖੜਗਕੇਤ ਦੀ ਬਖਸ਼ੀ ਹੋਈ ਖੰਡਾ-ਖੜਗੇਸ਼ੀ-ਕਲਾ ਦਾ ਨਾਮ ਹੀ ਭਗਉਤੀ ਹੈ। ਭਗਉਤੀ ਦੇ ਅਰਥ ਦੇਵੀ ਦੇ ਕਰਨੇ ਨਿਰੇ ਮਨਮਤੀ ਅਗਿਆਨੀ ਪੁਰਸ਼ਾਂ ਦਾ ਕੰਮ ਹੈ। "ਲਈ ਭਗਉਤੀ ਦੁਰਗਸ਼ਾਹ"* ਦੇ ਅਰਥ ਹਰਗਿਜ਼ ਇਹ ਨਹੀਂ ਹੋ ਸਕਦੇ ਕਿ ਦੁਰਗਾ ਰੂਪੀ ਦੇਵੀ ਨੇ ਹੱਥ ਵਿਚ ਦੇਵੀ ਫੜੀ। ਤਾਂ ਤੇ ਇਹ ਸਿੱਧ ਹੋਇਆ ਕਿ ਸ੍ਰੀ ਦਸਮੇਸ਼ ਜੀ ਨੇ ਕਿਤੇ ਵੀ ਭਗਉਤੀ ਦੇ ਅਰਥ ਦੇਵੀ ਦੇ ਨਹੀਂ ਕੀਤੇ। ਇਹ ਨਿਰੇ ਮਨਮਤੀ ਅਗਿਆਨੀਆਂ ਦੀ ਕਾਢ ਹੈ।

ਧੰਨ ਜੀਓ ਤਿਹ ਕੋ ਜਗ ਮੈਂ ਮੁਖ ਤੇ ਹਰਿ ਚਿਤ ਮੈਂ ਜੁੱਧ ਬਿਚਾਰੈ ॥

—ਕ੍ਰਿਸ਼ਨਾ ਅਵਤਾਰ, ੨੪੯੨-੧

ਵਾਲੇ ਕਲਾਧਾਰੀ ਖਾਲਸਾ ਜੀ ਦੇ ਹੱਥਾਂ ਵਿਚ ਹੀ ਇਹ ਭਗਉਤੀ ਸ੍ਰੀ ਸਾਹਿਬ ਹੋ ਕੇ ਸੋਂਹਦੀ ਹੈ। ਸਿਰਾਂ ਧੜਾਂ ਦੀ ਬਾਜ਼ੀ ਲਾਉਣ ਵਾਲੇ ਸ੍ਰੀ ਗੁਰੂ ਦਸਮੇਸ਼ ਜੀ ਦੇ ਖੰਡੇ ਦੇ ਅੰਮ੍ਰਿਤ-ਪਾਨੀ-ਸਿੰਘ ਹੀ ਭਗਉਤੀ ਪਦ ਦੇ ਇਨ੍ਹਾਂ ਕ੍ਰਿਸ਼ਮਕ ਅਰਥਾਂ ਨੂੰ ਜਾਣ ਸਕਦੇ ਹਨ। ਹੋਰਨਾਂ ਨੂੰ ਕੀ ਸੂਝ ਹੈ!

ਮੂੜ੍ਹ ਅਗਿਆਨੀ, ਜੋ ਗੁਰਮਤਿ ਬਾਣੀ ਦੇ ਤੱਤ ਅਰਥਾਂ ਤੋਂ ਅਗਿਆਤ ਹਨ, ਉਹ ਤਾਂ ਸ੍ਰੀ ਦਸਮੇਸ਼ ਜੀ ਦੇ ਇਸ ਮੁਖਵਾਕ "ਮਹਾਂ ਕਾਲ ਕਾਲਕਾ ਅਰਾਧੀ"‡ ਦੇ ਅਰਥ ਵੀ ਇਸ ਪ੍ਰਕਾਰ ਅਰਥਾਉਂਦੇ ਹਨ ਕਿ ਸ੍ਰੀ ਦਸਮੇਸ਼ ਜੀ ਨੇ "ਮਹਾ ਕਾਲ" ਤੇ "ਕਾਲਕਾ ਦੇਵੀ" ਦਾ ਅਰਾਧਨ ਕੀਤਾ। ਹਾਲਾਂਕਿ ਤੱਤ ਗੁਰਮਤਿ ਅਰਥ ਇਹ ਹਨ ਕਿ ਸ੍ਰੀ ਦਸਮੇਸ਼ ਜੀ ਨੇ ਮਹਾਂ ਕਾਲ ਰੂਪੀ ਕਾਲਕਾ ਨੂੰ ਅਰਾਧਨ ਕੀਤਾ। ਮਹਾਂ ਕਾਲ (ਅਕਾਲ ਪੁਰਖ) ਹੀ ਸ੍ਰੀ ਦਸਮੇਸ਼ ਜੀ ਦੇ ਨਿਕਟ ਸਭ ਕੁਛ ਸੀ। ਕਾਲਕਾ ਭੀ ਮਹਾਂ ਕਾਲ (ਅਕਾਲ ਪੁਰਖ) ਸੀ। ਇਸੇ ਤਰ੍ਹਾਂ "ਮਹਾਂ ਕਾਲ ਰਖਵਾਰ ਹਮਾਰੋ"† ਵਿਚ ਵੀ ਮਹਾਂ ਕਾਲ ਦਾ ਅਰਥ ਅਕਾਲ ਪੁਰਖ ਹੀ ਹੈ।

ਇਸੇ ਪ੍ਰਕਾਰ ਸ੍ਰੀ ਦਸਮੇਸ਼ ਜੀ ਦੇ ਅਰਥਾਂ ਵਿਚ 'ਭਗਉਤੀ' ਪਦ ਮਹਾਂ ਕਾਲ (ਅਕਾਲ ਪੁਰਖ) ਦੇ ਅਰਥਾਂ ਵਿਚ ਘਟਦਾ ਹੈ। ਜੇਕਰ ਇਨ੍ਹਾਂ ਮਹਾਂ ਅਗਿਆਨੀਆਂ ਦੇ ਅਰਥਾਂ ਅਨੁਸਾਰ 'ਕਾਲਕਾ' ਪਦ ਨੂੰ 'ਮਹਾਕਾਲ' ਪਦ ਤੋਂ ਵਖਰਾ ਅਰਥਾਇਆ ਜਾਵੇ ਅਤੇ ਇਉਂ ਅਰਥ ਕੀਤੇ ਜਾਣ ਕਿ ਮਹਾਂ ਕਾਲ ਤੇ ਕਾਲਕਾ ਦੋਹਾਂ ਦਾ ਸ੍ਰੀ ਗੁਰੂ ਦਸਮੇਸ਼ ਜੀ ਨੇ ਅਰਾਧਨ ਕੀਤਾ ਤਾਂ ਸ੍ਰੀ ਗੁਰੂ ਦਸਮੇਸ਼ ਜੀ ਦਾ ਨਾਲ ਲਗਦਾ ਹੀ ਅਗਲਾ ਸ੍ਰੀ ਮੁਖਵਾਕ ਪਦ ਪੰਗਤਾ ਇਨ੍ਹਾਂ ਮਹਾਂ ਅਗਿਆਨੀਆਂ ਦੇ ਮੂੰਹ ਉੱਤੇ ਬੜੀ ਕਸਵੀਂ ਚਪੇੜ ਲਾਉਂਦਾ ਹੈ। ਉਹ ਅਗਲਾ ਪੰਗਤਾ ਇਉਂ ਹੈ :—

ਦ੍ਵੈ ਤੇ ਏਕ ਰੂਪ ਹ੍ਵੈ ਗਯੋ ॥੩॥ —ਬਚਿਤ੍ਰ ਨਾਟਕ, ਅਧਿਆਇ ੬

ਭਾਵ-ਅਰਥ ਇਹ ਕਿ ਸ੍ਰੀ ਗੁਰੂ ਦਸਮੇਸ਼ ਜੀ ਉਚਾਰਦੇ ਹਨ ਕਿ ਅਸੀਂ ਅਕਾਲ ਪੁਰਖ ਦੀ ਐਸੀ ਅਰਾਧਨਾ ਕੀਤੀ ਕਿ ਮੈਂ ਤੇ ਅਕਾਲ ਪੁਰਖ ਦੋਇ ਰੂਪਾਂ ਤੋਂ ਇਕ ਰੂਪ ਵਿਚ ਹੋ ਗਏ। ਅਰਥਾਤ ਅਸੀਂ ਅਕਾਲ ਪੁਰਕ ਦੇ ਰੂਪ ਵਿਚ ਸਮੱਾ ਕੇ ਇਕ ਰੂਪ ਹੀ ਹੋ ਗਏ। ਜੇਕਰ ਇਨ੍ਹਾਂ ਮਹਾਂ ਅਗਿਆਨੀਆਂ ਦੇ ਅਰਥ ਹੀ ਠੀਕ ਸਮਝੇ ਜਾਣ ਤਾਂ ਇਹ ਅਗਲਾ ਪੰਗਤਾ "ਦ੍ਵੈ ਤੇ ਏਕ ਰੂਪ" ਦੇ ਥਾਉਂ "ਤ੍ਰੈ ਤੇ ਏਕ ਰੂਪ ਹ੍ਵੈ ਗਇਓ" ਚਾਹੀਦਾ ਸੀ, ਕਿਉਂਕਿ ਅਗਿਆਨੀਆਂ ਦੇ ਭਾਵ ਅਨੁਸਾਰ 'ਮਹਾਂ ਕਾਲ' ਦੇ ਨਾਲ 'ਕਾਲਕਾ' ਵੀ ਅਰਾਧਨੀ ਸਿੱਧ ਹੁੰਦੀ ਹੈ। 'ਮਹਾਕਾਲ' ਤੇ 'ਕਾਲਕਾ' ਦੋ ਸਰੂਪ ਇਹ ਹੋਏ ਵੱਖ ਵੱਖ, ਤੀਜਾ ਸਰੂਪ ਅਰਾਧਨਹਾਰੇ ਦਾ ਹੋਇਆ। ਤਾਂ ਤੇ "ਤ੍ਰੈ ਤੇ ਏਕ ਰੂਪ ਹ੍ਵੈ ਗਇਓ" ਪੰਗਤਾ ਹੀ ਉਨ੍ਹਾਂ ਅਗਿਆਨੀਆਂ ਦੇ ਅਰਥਾਂ ਅਨੁਸਾਰ ਅਰੋਪਿਆ ਸਿੱਧ ਹੁੰਦਾ ਹੈ। ਪ੍ਰੰਤੂ ਉਥੇ ਸ੍ਰੀ ਮੁਖਵਾਕ ਅੰਦਰ ਸਪੱਸ਼ਟ ਤੌਰ ਤੇ "ਦ੍ਵੈ ਤੇ ਏਕ ਰੂਪ ਹ੍ਵੈ ਗਯੋ" ਹੀ ਸ਼ੁੱਧ ਪੰਗਤਾ ਹੈ। ਇਸੇ ਤਰ੍ਹਾਂ ਇਨ੍ਹਾਂ ਮਹਾਂ ਅਗਿਆਨੀਆਂ ਦੀ ਕੁਬੁਧਿ ਅਤੇ ਕੁਸਮਝ ਅਨੁਸਾਰ ਸ੍ਰੀ ਦਸਮੇਸ਼ ਜੀ ਦੀ ਉਚਾਰਨ ਕੀਤੀ ਵਾਰ ਵਿਚ 'ਭਗਉਤੀ' ਪਦ ਦੇ ਅਰਥਾਂ ਦਾ ਮੁਗ਼ਾਲਤਾ ਹੈ। ਸਾਰੀ ਗੁਰਬਾਣੀ ਤਾਂ ਇੱਕੋ ਅਕਾਲ ਪੁਰਖ ਦੀ ਉਪਾਸ਼ਨਾ ਹੀ ਦ੍ਰਿੜ੍ਹਾਉਂਦੀ ਹੈ। ਯਥਾ ਗੁਰਵਾਕ :—

*ਚੰਡੀ ਦੀ ਵਾਰ, ਪਉੜੀ ੫੩ ‡ਬਚਿਤ੍ਰ ਨਾਟਕ, ਅਧਿਆਇ ੬, ਅੰਕ ੨ †ਕ੍ਰਿਸ਼ਨਾ ਅਵਤਾਰ, ੪੩੫-੧



www.AKJ.Org

ਤੂੰ ਮੇਰਾ ਪਿਤਾ ਤੂੰ ਹੈ ਮੇਰਾ ਮਾਤਾ ॥ ਤੂੰ ਮੇਰਾ ਬੰਧਪੁ ਤੂੰ ਮੇਰਾ ਭ੍ਰਾਤਾ ॥
ਤੂੰ ਮੇਰਾ ਰਾਖਾ ਸਭਨੀ ਥਾਈ ਤਾ ਭਉ ਕੇਹਾ ਕਾੜਾ ਜੀਉ ॥੧॥ (੪॥੨੪॥੩੧॥).

ਮਾਝ ਮ: ੫, ਪੰਨਾ ੧੦੩

ਭਾਵ, ਅਕਾਲ ਪੁਰਖ (ਵਾਹਿਗੁਰੂ) ਹੀ ਸਾਡਾ ਪਿਤਾ ਮਾਤਾ ਹੈ। ਉਹ ਹੀ ਅਸਾਡਾ ਬੰਧਪ ਭਾਈ ਹੈ। ਅਕਾਲ ਪੁਰਖ ਹੀ ਸਾਡਾ ਸਭ ਥਾਈਂ ਰਾਖਾ ਹੈ। ਤਾਂ ਤੇ ਕਿਸੇ ਪ੍ਰਕਾਰ ਦਾ ਭੈ ਜਾਂ ਡਰ ਸਾਨੂੰ ਨਹੀਂ ਹੈ।

ਜੇ ਕੋਈ ਮਹਾਂ ਅਗਿਆਨੀ "ਤੂੰ ਮੇਰਾ ਪਿਤਾ ਤੂੰ ਹੈ ਮੇਰਾ ਮਾਤਾ" ਦੇ ਅਰਥ ਇਉਂ ਅਰਥਾਵੇ ਕਿ ਅਕਾਲ ਪੁਰਖ ਸਾਡਾ ਪਿਤਾ ਹੈ ਤੇ 'ਕਾਲਕਾ' ਸਾਡੀ ਮਾਤਾ ਹੈ, ਇਹ ਉਸ ਦੀ ਬਿਲਕੁਲ ਮੂੜ੍ਹ ਮਤਿ ਹੋਵੇਗੀ। ਇਸੇ ਪ੍ਰਕਾਰ ਹੀ ਅਜਿਹੇ ਮੂੜ੍ਹ ਅਗਿਆਨੀ "ਸ੍ਰੀ ਬਾਵਨ ਅਖਰੀ" ਬਾਣੀ ਦੇ ਆਦਿ ਅੰਤ ਵਿਚ ਆਏ ਇਸ ਸਲੋਕ ਦਾ ਵੀ ਕੋੜੀ ਮਨਮਤਿ ਭਰਿਆ ਅਰਥ ਕਰ ਲੈਂਦੇ ਹਨ। ਯਥਾ :–

ਗੁਰਦੇਵ ਮਾਤਾ ਗੁਰਦੇਵ ਪਿਤਾ ਗੁਰਦੇਵ ਸੁਆਮੀ ਪਰਮੇਸੁਰਾ ॥

ਉਨ੍ਹਾਂ ਦੇ ਕੋੜੇ ਭਾਵ ਅੰਦਰ ਮਾਤਾ ਨੂੰ ਵੀ ਉਹ ਗੁਰਦੇਵ ਕਰਕੇ ਅਰਥਾਉਂਦੇ ਹਨ ਅਤੇ ਪਿਤਾ ਨੂੰ ਵੀ ਗੁਰਦੇਵ ਹੀ ਦਸਦੇ ਹਨ। ਹਾਲਾਂਕਿ ਗੁਰਮਤਿ ਦੇ ਤੱਤ ਭਾਵ ਅਨੁਸਾਰ ਅਸਲ ਅਰਥ ਇਹ ਹਨ ਕਿ ਗੁਰਦੇਵ (ਵਾਹਿਗੁਰੂ) ਹੀ ਸਾਡਾ ਮਾਤਾ ਤੇ ਪਿਤਾ ਹੈ। ਗੁਰਮਤਿ ਅਨੁਸਾਰ ਸਪੱਸ਼ਟ ਤੌਰ ਤੇ "ਸਭਿ ਨਾਦ ਬੇਦ ਗੁਰਬਾਣੀ ॥ ਮਨੁ ਰਾਤਾ ਸਾਰਿਗਪਾਣੀ"* ਸੁਤੇ ਸਿੱਧ ਅਰਥਾਂ ਵਿੱਚ ਐਨ ਓਵੇਂ ਹੀ ਵਿੱਦਤਾਇਆ ਗਿਆ ਹੈ ਜਿਸ ਪ੍ਰਕਾਰ ਕਿ "ਸ੍ਰੀ ਜਪੁਜੀ ਸਾਹਿਬ" ਦੀ ਬਾਣੀ ਅੰਦਰ :–

ਗੁਰਮੁਖਿ ਨਾਦੰ ਗੁਰਮੁਖਿ ਵੇਦੰ ਗੁਰਮੁਖਿ ਰਹਿਆ ਸਮਾਈ ॥
ਗੁਰੁ ਈਸਰੁ ਗੁਰੁ ਗੋਰਖੁ ਬਰਮਾ ਗੁਰੁ ਪਾਰਬਤੀ ਮਾਈ ॥ –ਜਪੁਜੀ, ਪਉੜੀ ੫

ਸਪੱਸ਼ਟ ਅਰਥਾਂ ਵਿੱਚ ਇਹ ਭਾਵ ਰੱਖਦਾ ਹੈ ਕਿ ਗੁਰਮੁਖ (ਵਾਹਿਗੁਰੂ) ਹੀ ਸਾਡਾ ਨਾਦ ਹੈ, ਗੁਰਮੁਖ ਹੀ ਸਾਡਾ ਵੇਦ ਹੈ। ਗੁਰਮੁਖ (ਵਾਹਿਗੁਰੂ) ਹੀ ਸਾਰੇ ਸਮੱਾ ਰਿਹਾ ਹੈ। ਗੁਰਮੁਖ (ਵਾਹਿਗੁਰੂ) ਹੀ ਸਾਡਾ ਗੁਰਸਿੱਖਾਂ ਦਾ ਵਿਸ਼ਨੂੰ ਦੇਵਤਾ ਹੈ। ਵਾਹਿਗੁਰੂ ਹੀ ਸਾਡਾ ਗੁਰਸਿੱਖਾਂ ਦੇ ਨਜ਼ਦੀਕ ਈਸ਼ਰ ਹੈ, ਬਰਮਾ ਹੈ। ਗੁਰੂ (ਵਾਹਿਗੁਰੂ) ਹੀ ਗੁਰਸਿੱਖਾਂ ਦੇ ਭਾ ਦੀ ਮਾਤਾ ਲੱਛਮੀ ਹੈ। ਭਾਵ ਵਾਹਿਗੁਰੂ ਤੋਂ ਬਿਨਾਂ ਗੁਰਸਿੱਖਾਂ ਦੇ ਨਜ਼ਦੀਕ ਕੋਈ ਹੋਰ ਮਾਤਾ ਨਹੀਂ ਅਤੇ ਹੋਰ ਕੋਈ ਗੋਰਖ ਨਹੀਂ, ਬਰਮਾ ਨਹੀਂ, ਨਾ ਹੀ ਕੋਈ ਈਸ਼ਰ ਹੈ। ਗੁਰਸਿੱਖ ਤਾਂ ਕੇਵਲ ਵਾਹਿਗੁਰੂ ਦੇ ਹੀ ਅਨਿੰਨ ਉਪਾਸ਼ਕ ਹਨ। ਜੇ ਕੋਈ ਮੂੜ੍ਹ ਅਗਿਆਨੀ ਇਸ ਗੁਰਵਾਕ ਵਿੱਚੋਂ ਇਹ ਕੋੜੇ ਅਰਥ ਕੱਢ ਲਵੇ ਕਿ ਪਾਰਬਤੀ (ਲੱਛਮੀ) ਸਾਡੀ ਮਾਤਾ ਹੈ ਤੇ ਇਸ ਮਾਤਾ ਦੀ ਉਪਾਸ਼ਨਾ ਦਾ ਵਿਧਾਨ ਗੁਰਮਤਿ ਅੰਦਰ ਦਰਸਾਇਆ ਗਿਆ ਹੈ ਤਾਂ ਐਸੀ ਵਿਚਾਰ ਵਿਚਾਰਨੀ ਉਸ ਮੂਰਖ ਮੂੜ੍ਹ ਅਗਿਆਨੀ ਦੀ ਮਹਾਂ ਦੁਰਮਤਿ ਅਗਿਆਨ ਭਰੀ ਵਿਚਾਰ ਸਿੱਧ ਹੋਵੇਗੀ।

ਤ੍ਰੈਗੁਣੀ ਮਾਇਆ ਦਾ ਸੰਕੇਤਕ ਨਾਮ ਗੁਰਮਤਿ ਅਨੁਸਾਰ "ਸਕਤਿ" ਹੈ। ਇਸ ਦੇ ਮੁਕਾਬਲੇ ਵਿਚ ਤੁਰੀਆ ਗੁਣੀ ਅਕਾਲ ਪੁਰਖ ਦੀ ਜੋਤਿ ਪ੍ਰਚੰਡ ਚੇਤੰਨ ਕਲਾ ਦਾ ਸੰਕੇਤਕ ਨਾਮ 'ਸ਼ਿਵ' ਹੈ। ਸ੍ਰੀ ਦਸਮੇਸ਼ ਜੀ ਨੇ ਜਿੱਥੇ ਸ੍ਰੀ ਮੁਖਵਾਕ ਸਵੱਈਆਂ ਵਿਚ "ਦੇਹ ਸ਼ਿਵਾ ਬਰ ਮੋਹਿ ਇਹੈ"† ਅੰਕਤ ਕੀਤਾ ਹੈ, ਇਸ ਪੰਗਤੀ ਵਿਚ ਆਏ 'ਸ਼ਿਵਾ' ਪਦ ਤੋਂ ਭਾਵ ਅਕਾਲ ਪੁਰਖ ਦੀ ਜੋਤਿ ਪ੍ਰਚੰਡਨੀ ਚੈਤੰਨ ਕਲਾ ਤੋਂ ਹੈ। ਸ੍ਰੀ ਗੁਰੂ ਦਸਮੇਸ਼ ਜੀ ਮਹਾਰਾਜ ਫੁਰਮਾਉਂਦੇ ਹਨ :– "ਹੇ ਜੋਤਿ ਪ੍ਰਚੰਡ ਕਲਾ ਵਾਲੇ, ਚੈਤੰਨ ਕਲਾ ਸੰਪੰਨ ਵਾਹਿਗੁਰੂ, ਮੈਨੂੰ ਇਹ ਵਰ ਦੇਹ !" ਇਸ 'ਸ਼ਿਵਾ' ਪਦ ਤੋਂ ਮੂੜ੍ਹ-ਮਤੀਏ ਅਗਿਆਨੀ ਪੁਰਸ਼ ਮਹਾਂਦੇਵ ਦਾ ਅਰਥ ਲਾਉਂਦੇ ਹਨ। ਜੈਸਾ ਕਿ ਰਹਿਰਾਸ ਸਾਹਿਬ ਦੀ ਚੌਪਈ ਅੰਦਰ ਸ੍ਰੀ ਦਸਮੇਸ਼ ਮੁਖਵਾਕ ਆਉਂਦਾ ਹੈ :—

*ਰਾਮਕਲੀ ਮ: ੧, ॥੩(੪॥੧੦), ਪੰਨਾ ੮੭੯ †ਚੰਡੀ ਚਰਿਤ੍ਰ ਉਕਤਿ ਬਿਲਾਸ, ੨੩੧-੧



www.AKJ.Org

ਮਹਾਂ ਦੇਵ ਕੋ ਕਹਿਤ ਸਦਾ ਸਿਵ ॥੧੬॥ —ਕਬਿਯੋ ਬਾਚ ਬੇਨਤੀ ਚੌਪਈ

ਇਹ ਪਦ ਭਾਵ-ਖੰਡਨੀ ਆਉਂਦਾ ਹੈ। ਪ੍ਰੰਤੂ ਸ੍ਰੀ ਦਸਮੇਸ਼ ਸਾਹਿਬ ਜੀ ਦਾ ਇਹ ਭਾਵ ਹਰਗਿਜ਼ ਨਹੀਂ। ਮਹਾਂਦੇਵ ਦੇ ਅਰਥਾਂ ਵਾਲੇ 'ਸ਼ਿਵ' ਪ੍ਰਥਾਇ ਤਾਂ ਇਸੇ ਚੌਪਈ ਅੰਦਰ ਇਉਂ ਅੰਕਤ ਕੀਤਾ ਸ੍ਰੀ ਦਸਮੇਸ਼ ਵਾਕ ਆਉਂਦਾ ਹੈ :—

ਕਾਲ ਪਾਇ ਸ਼ਿਵਜੂ ਅਵਤਰਾ ॥੭॥ —ਕਬਿਯੋ ਬਾਚ ਬੇਨਤੀ ਚੌਪਈ

ਵਿਸ਼ਨੂ, ਬ੍ਰਹਮਾ, ਮਹੇਸ਼ ਸਭ ਕਾਲ ਦੇ ਚੱਕਰ ਅੰਦਰ ਸੱਚੇ ਪਾਤਸ਼ਾਹ ਨੇ ਦਸੇ ਹਨ। ਪ੍ਰੰਤੂ "ਦੇਹ ਸ਼ਿਵਾ ਬਰ ਮੋਹਿ ਇਹੈ"* ਵਾਲੀ ਪੰਗਤੀ ਅੰਦਰ ਸ੍ਰੀ ਗੁਰੂ ਸਾਹਿਬ ਜੀ ਦਾ ਭਾਵ 'ਸ਼ਿਵਾ' ਪਦ ਤੋਂ ਚੇਤੰਨ ਸਰੂਪ ਜੋਤਿ ਪ੍ਰਚੰਡ ਅਕਾਲ ਪੁਰਖ ਵਾਹਿਗੁਰੂ ਤੋਂ ਹੈ। 'ਸ਼ਿਵਾ' ਪਦ ਦੇ ਅੱਗੇ ਜੋ ਕੰਨਾ ਹੈ, ਉਹ 'ਹੇ' ਵਾਲਾ ਅਰਥ ਦਰਸਾਉਂਦਾ ਹੈ। 'ਸ਼ਿਵਾ' ਪਦ ਤੋਂ ਭਾਵ 'ਹੇ ਵਾਹਿਗੁਰੂ' ਹੈ। ਕਈ ਮੂੜ੍ਹ-ਮੱਤੀਏ ਅਗਿਆਨੀ ਇਸ 'ਸ਼ਿਵਾ' ਪਦ ਦਾ ਭੀ ਦੇਵੀ ਦਾ ਅਰਥ ਸਮਝਦੇ ਹਨ ਕਿ ਸ੍ਰੀ ਦਸਮੇਸ਼ ਜੀ ਨੇ ਇੱਥੇ ਵੀ ਦੇਵੀ ਧਿਆਈ ਹੈ, ਦੇਵੀ ਤੋਂ ਵਰ ਮੰਗਿਆ ਹੈ। ਇਸ ਦੀ ਪ੍ਰੋੜ੍ਹਤਾ ਵਿਚ ਇਕ ਹੋਰ ਸਵੱਈਏ ਦੀ ਚੌਥੀ ਸਤਰ ਵਿਚ ਆਈ ਇਸ ਪੰਗਤੀ ਦੀ ਓਟ ਲੈਂਦੇ ਹਨ, "ਸੰਤ ਸਹਾਇ ਸਦਾ ਜਗ ਮਾਇ..."†, ਭਾਵ 'ਜਗ ਮਾਇ' ਪਦ ਤੋਂ ਜਗਤ ਮਾਤਾ ਦੇਵੀ ਦਾ ਹੀ ਕੱਢਦੇ ਹਨ। ਹਾਲਾਂਕਿ ਸ੍ਰੀ ਦਸਮੇਸ਼ ਜੀ ਦਾ ਇਹ ਹਰਗਿਜ਼ ਭਾਵ ਨਹੀਂ। "ਤੂੰ ਮੇਰਾ ਪਿਤਾ ਤੂੰ ਹੈ ਮੇਰਾ ਮਾਤਾ" ਵਾਲੀ ਪੰਗਤੀ ਵਿਚ ਆਏ "ਤੂੰ ਹੈ ਮੇਰਾ ਮਾਤਾ" ਵਾਲੇ ਪਦ ਵਾਲਾ ਭਾਵ ਹੀ 'ਜਗ ਮਾਇ' ਪਦ ਤੋਂ ਹੈ। ਭਾਵ ਵਾਹਿਗੁਰੂ ਹੀ ਮੇਰਾ ਪਿਤਾ ਹੈ, ਵਾਹਿਗੁਰੂ ਹੀ ਮੇਰਾ ਮਾਤਾ ਹੈ। ਮੂੜ੍ਹ-ਮਤੀਆਂ ਦਾ ਨਿਰਾ ਮੁਗਾਲਤਾ ਹੈ ਕਿ ਉਹ 'ਜਗ ਮਾਇ' ਅਤੇ 'ਸ਼ਿਵਾ' ਪਦਾਂ ਤੋਂ ਦੇਵੀ ਦਾ ਅਰਥ ਲੈਣ। ਗੁਰਮੱਤਿ ਕੋਸ਼ਾਂ ਅੰਦਰ ਭੀ ਸ਼ਿਵਾ ਦੇ ਅਰਥਾਂ ਵਿੱਚੋਂ ਇਕ ਅਰਥ 'ਸ਼ਿਵ' ਪਦ ਦਾ ਕਲਿਆਣ ਸਰੂਪ ਪਰਮਾਤਮਾ ਹੈ।

ਸ੍ਰੀ ਗੁਰੂ ਦਸਮੇਸ਼ ਜੀ ਨੇ ਅਕਾਲ ਪੁਰਖ ਪ੍ਰਥਾਇ ਉਚਰੇ ਪਦਾਂ ਦੀ ਬੜੀ ਹੀ ਬਚਿੱਤਰ ਸੰਕੇਤਕ ਲੀਲ੍ਹਾ ਉਚਾਰਨ ਕੀਤੀ ਹੈ। ਜਿੱਥੇ ਸ੍ਰੀ ਗੁਰੂ ਦਸਮੇਸ਼ ਨੇ ਆਪਣੇ ਇੱਕ ਹੋਰ ਸ੍ਰੀ ਮੁਖਵਾਕ ਸਵੱਈਏ ਅੰਦਰ ਇਸ ਪ੍ਰਕਾਰ ਉਚਾਰਨ ਕੀਤਾ ਹੈ—'ਹੇ ਰਵਿ ਹੇ ਸਸਿ ਹੇ ਕਰੁਣਾ ਨਿਧਿ'‡, ਉਥੇ ਭੀ ਸ੍ਰੀ ਗੁਰੂ ਦਸਮੇਸ਼ ਜੀ ਨੇ 'ਰਵਿ' ਅਤੇ 'ਸਸਿ' ਪਦਾਂ ਤੋਂ ਭਾਵ ਕਰੁਣਾਨਿਧਿ ਅਕਾਲ ਪੁਰਖ ਦਾ ਹੀ ਲਿਆ ਹੈ। ਸ੍ਰੀ ਜਾਪੁ ਸਾਹਿਬ ਜੀ ਦੀ ਬਾਣੀ ਅੰਦਰ ਵੀ ਜਿੱਥੇ "ਨਮੋ ਸੂਰਜ ਸੂਰਜੇ ॥ ਨਮੋ ਚੰਦ੍ਰ ਚੰਦ੍ਰੇ" ਤੁਕਾਂ ਆਉਂਦੀਆਂ ਹਨ, ਤਿਨ੍ਹਾਂ ਤੁਕਾਂ ਦਾ ਭਾਵ ਭੀ ਸਪੱਸ਼ਟ ਅਕਾਲ ਪੁਰਖ ਤੋਂ ਲਿਆ ਗਿਆ ਹੈ। ਹੇ ਸੂਰਜਾਂ ਦੇ ਸੂਰਜ ਸੱਚੇ ਸੂਰਜ ਸ੍ਰੀ ਅਕਾਲ ਪੁਰਖ ਜੀ, ਤੇ ਚੰਦ੍ਰਮਾਵਾਂ ਤੋਂ ਸੱਚੇ ਸੁੱਚੇ ਚੰਦ੍ਰਮਾ ਵਾਹਿਗੁਰੂ ਅਕਾਲ ਪੁਰਖ ਜੀ, ਤੈਨੂੰ ਸਾਡੀ ਨਮਸਕਾਰ ਹੈ, ਸੋਈ ਭਾਵ 'ਹੇ ਰਵਿ ਹੇ ਸਸਿ' ਵਾਲੇ ਪਦਾਂ ਤੋਂ ਵੀ ਨਿਕਲਦਾ ਹੈ—ਹੇ ਅਕਾਲ ਪੁਰਖ ਰੂਪੀ ਸੱਚੇ ਸੂਰਜ (ਰਵਿ), ਹੇ ਅਕਾਲ ਪੁਰਖ ਰੂਪੀ ਸੱਚੇ ਚੰਦਰਮਾ (ਸਸਿ)। ਇਹੋ ਕਹਿ ਕੇ (ਸੰਕੇਤ ਕੇ) ਸ੍ਰੀ ਦਸਮੇਸ਼ ਸੱਚੇ ਗੁਰੂ ਪਾਤਸ਼ਾਹ ਨੇ ਅਕਾਲ ਪੁਰਖ ਅੱਗੇ ਹੀ ਬੇਨਤੀ ਉਚਾਰਨ ਕੀਤੀ ਹੈ। ਹੋਰ ਕੋਈ ਸੂਰਜ ਚੰਦ ਅਗੇ ਬੇਨਤੀ ਨਹੀਂ ਕੀਤੀ। ਅਕਾਲ ਪੁਰਖ ਪ੍ਰਥਾਇ ਉਚਰੇ ਸ੍ਰੀ ਗੁਰੂ ਦਸਮੇਸ਼ ਮੁਖਵਾਕ ਸੰਕੇਤਕ ਪਦਾਂ ਦੀ ਬੜੀ ਹੀ ਬਚਿੱਤ੍ਰ ਲੀਲ੍ਹਾ ਹੈ।

ਇਸੇ ਪ੍ਰਕਾਰ ਹੀ 'ਭਗਉਤੀ' ਪਦ ਰੂਪੀ ਸੰਕੇਤਕ ਪਦ ਅਰਦਾਸੇ ਅੰਦਰ ਸ੍ਰੀ ਗੁਰੂ ਦਸਮੇਸ਼ ਸਾਹਿਬ ਜੀ ਨੇ ਵਾਹਿਗੁਰੂ ਦੀ ਜੋਤਿ ਪ੍ਰਚੰਡਕ ਅਕਲ ਕਲਾ ਪ੍ਰਥਾਇ ਹੀ ਉਚਾਰਨ ਕੀਤਾ ਹੈ, ਦੇਵੀ ਦਾ ਭਾਵ ਹਰਗਿਜ਼ ਨਹੀਂ। ਦੇਵੀ ਵਾਲਾ ਭਾਵ ਅਗਿਆਨੀ ਮੂੜ੍ਹ-ਮਤੀਆਂ ਦੀ ਹੀ ਕਾਢ ਹੈ। ਅਕਾਲ ਪੁਰਖ ਦੀ ਖੜਗ-ਕੇਤ, ਜੋਤਿ-ਪ੍ਰਚੰਡਨੀ-ਅਕਲ-ਕਲਾ ਦਾ ਨਾਉਂ ਹੀ 'ਭਗਉਤੀ' ਸੰਕੇਤਿਆ ਗਿਆ ਹੈ। ["ਗੁਰਮਤਿ ਲੇਖ" ਪੁਸਤਕ ਵਿਚੋਂ

*ਚੰਡੀ ਚਰਿਤ੍ਰ ਉਕਤਿ ਬਿਲਾਸ, ੨੩੧-੧ †ਕ੍ਰਿਸ਼ਨਾ ਅਵਤਾਰ, ੧੯੦੦-੪ ‡ਕ੍ਰਿਸ਼ਨਾ ਅਵਤਾਰ, ੧੯੦੦-੧



www.AKJ.Org

# ਖ਼ਾਲਸੇ ਦਾ ਸਿਰਜਨਾਤਮਿਕ ਮੰਡਲ

[ਪ੍ਰੋਫ਼ੈਸਰ ਜੋਗਿੰਦਰ ਸਿੰਘ ਜੀ, ਮੈਂਬਰ, ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ]

ਖਾਲਸੇ ਨੂੰ ਜਿਸ 'ਅਨੁਭਵੀ-ਵਿਰਸੇ' ਦਾ ਮਾਲਕ ਬਣਾਇਆ ਗਿਆ ਹੈ, ਜਿਸ 'ਵੀਚਾਰ-ਆਦਰਸ਼' ਦਾ ਅਨੁਸਾਰੀ ਠਹਿਰਾਇਆ ਗਿਆ ਹੈ, ਤੇ ਜਿਸ 'ਕਕਾਰ-ਸਰੂਪ' ਵਿੱਚ ਸਜਾਇਆ ਗਿਆ ਹੈ, ਉਸ ਆਧਾਰ ਤੇ ਇਹ ਕਹਿਣਾ ਯੋਗ ਹੈ ਕਿ 'ਖਾਲਸਾ ਸਿਰਜਨਾਤਮਿਕ-ਮੰਡਲ ਦੀ ਹੀ ਉਪਜ ਹੈ। ਸਿਰਜਨਾਤਮਿਕ-ਮੰਡਲ ਵਿਚ ਨਾ ਦਵੈਤ ਹੁੰਦਾ ਹੈ ਅਤੇ ਨਾ ਹੀ ਦਵੰਦ ਹੁੰਦਾ ਹੈ। 'ਹਉਂ' ਤੋਂ ਤਾਂ ਇਹ 'ਮੰਡਲ' ਬਿਲਕੁਲ ਅਲਿਪਤ ਅਤੇ ਸੁਤੰਤਰ ਹੁੰਦਾ ਹੈ। ਇਸੇ ਕਰਕੇ 'ਖਾਲਸੇ' ਦੇ ਅਨੁਭਵੀ-ਵਿਰਸੇ, ਵੀਚਾਰ-ਆਦਰਸ਼ ਤੇ ਕਕਾਰ-ਸਰੂਪ ਵਿਚ ਦਵੈਤ, ਦਵੰਦ ਤੇ ਹਉਂ ਦਾ ਨਾ ਕੋਈ ਲੇਪ ਹੈ ਅਤੇ ਨਾ ਹੀ ਕੋਈ ਸਥਾਨ ਹੈ। ਖਾਲਸੇ ਦਾ ਸਿਰਜਨਾਤਮਿਕ-ਮੰਡਲ ਸਹੀ ਅਰਥਾਂ ਵਿੱਚ 'ਸਹਿਜ' ਮੰਡਲ ਹੀ ਹੈ। 'ਸਹਿਜ' ਵਿੱਚ ਸ਼ੁੱਧ ਤੇ ਸੰਪੂਰਨ ਅਨੁਭਵ ਹੁੰਦਾ ਹੈ, ਇਕਸੁਰਤਾ ਅਤੇ ਅਡੋਲਤਾ ਦਾ ਪੂਰਨ ਟਿਕਾਉ ਹੁੰਦਾ ਹੈ, ਤੇ ਆਤਮ-ਵਿਸ਼ਵਾਸ ਆਪਣੇ ਸਿਖਰ ਤੇ ਹੁੰਦਾ ਹੈ। ਸਿਰਜਨਾਤਮਿਕ ਜਾਂ ਸਹਿਜ-ਮੰਡਲ ਵਿਚ ਨਾ ਬਨਾਵਟ ਹੁੰਦੀ ਹੈ, ਨਾ ਚੰਚਲਤਾ ਹੁੰਦੀ ਹੈ ਅਤੇ ਨਾ ਹੀ ਤਰੱਦਦ ਹੁੰਦਾ ਹੈ। ਸਹਿਜ-ਮੰਡਲ ਵਿਚ ਜੀਉਂਦਾ ਮਨੁੱਖ ਹੁੰਦਾ ਤਾਂ ਗਹਿਰ-ਗੰਭੀਰ ਹੈ, ਪਰ ਸੁਤੰਤਰਤਾ, ਵਿਗਾਸ ਤੇ ਰਸ-ਇਕਾਗਰਤਾ ਉਸ ਦੀ ਜੀਵਨ-ਕਿਰਿਆ ਦਾ ਵਿਸ਼ੇਸ਼ ਹਿੱਸਾ ਹੁੰਦੇ ਹਨ। ਅਸਲ ਵਿਚ ਜੀਵਨ ਦੀ ਇਹ ਦੈਵੀ-ਕਿਰਿਆ ਹੀ ਉਸ ਦੀ 'ਮਤਿ' ਨੂੰ ਸਦਾ ਉੱਚਾ ਰਖਦੀ ਹੈ ਤੇ 'ਮਨ' ਨੂੰ ਸਦਾ ਨੀਵਾਂ ਰਖਦੀ ਹੈ। ਮਤਿ ਦੀ ਉਚਾਈ ਤੇ ਮਨ ਦੀ ਨਿਵਾਈ ਵਿਚ ਏਕਤਾ ਅਤੇ ਇਕ-ਸੁਰਤਾ ਪੈਦਾ ਕਰ ਲੈਣਾ ਹੀ, ਸਹੀ ਅਰਥਾਂ ਵਿਚ ਸਹਿਜ ਜਾਂ ਸਿਰਜਨਾਤਮਿਕ-ਮੰਡਲ ਦਾ ਵਾਸੀ ਬਣਨਾ ਹੈ। ਸਿੱਖ ਅਰਦਾਸ ਦਾ ਇਹ ਵਾਕ,

"ਖਾਲਸਾ ਜੀ ਦਾ ਮਨ ਨੀਵਾਂ ਤੇ ਮਤਿ ਉਚੀ।"

ਇਸੇ ਕਰਕੇ ਖਾਲਸਾ ਨਿਤ ਦੁਹਰਾਂਦਾ ਹੈ ਕਿ ਉਹ ਆਪਣਾ 'ਵਾਸ' ਸਦੀਵੀ ਰੂਪ ਵਿਚ ਸਿਰਜਨਾਤਮਿਕ ਜਾਂ ਸਹਿਜ-ਮੰਡਲ ਵਿਚ ਰਖ ਸਕੇ। ਸਿਰਜਨਾਤਮਿਕ ਜਾਂ ਸਹਿਜ-ਮੰਡਲ ਹੀ ਖਾਲਸੇ ਦਾ ਸਹੀ ਮੰਡਲ ਹੈ। ਇਸ 'ਮੰਡਲ' ਵਿਚ ਜੀਉ ਕੇ ਹੀ 'ਸਦਾ ਜਾਗਦੇ ਯੋਧੇ' ਦਾ ਕਰਤੱਵ ਨਿਬਾਹ ਸਕਦਾ ਹੈ। ਭਾਈ ਗੁਰਦਾਸ ਸਿੰਘ ਜਦੋਂ ਆਪਣੀ ਵਾਰ ਦੀ ਇਕ ਪਉੜੀ ਵਿਚ 'ਮਰਦ ਅਗੰਮੜਾ' ਗੁਰੂ ਗੋਬਿੰਦ ਸਿੰਘ ਜੀ ਦੇ 'ਖਾਲਸੇ' ਦੇ ਸਿਰਜਨਾਤਮਿਕ-ਮੰਡਲ ਦਾ ਚਿੱਤਰ ਉਲੀਕਦਾ ਹੈ ਤਾਂ ਉਹ ਵੀ ਸਾਖੀ ਭਰਦਾ ਹੈ ਕਿ ਸਾਬਤ ਤੇ ਮਰਦਾਨਾ 'ਖਾਲਸੇ' ਦਾ 'ਸਿਰਜਨਾਤਮਿਕ-ਮੰਡਲ' ਸਹਿਜ-ਮੰਡਲ ਹੀ ਹੈ। ਸਹਿਜ-ਮੰਡਲ ਵਿਚੋਂ ਹੀ ਇਸ ਖਾਲਸੇ ਦੀ ਉਪਜ ਹੋਈ ਹੈ ਤੇ ਸਹਿਜ-ਮੰਡਲ ਦੇ ਵਾਸ ਵਿਚ ਜੀਊਣ ਨਾਲ ਹੀ ਇਸ ਦੀ 'ਜੀਵੰਤ-ਸ਼ਕਤੀ' ਤੇ ਇਸ ਦਾ 'ਨਿਆਰਾ-ਸਰੂਪ' ਸਥਿਰ ਤੇ ਸਾਰਥਿਕ ਰਹਿ ਸਕੇਗਾ।

ਇਸ ਵਿਚ ਇਤਿਹਾਸਕ ਸੱਚ ਹੈ ਕਿ ਅਨੰਦਪੁਰ ਸਾਹਿਬ ਦੀ ਪਾਵਨ ਧਰਤੀ ਉਤੇ, 'ਖਾਲਸੇ' ਦੇ ਸਿਰਜਨਾਤਮਿਕ-ਮੰਡਲ ਦਾ ਜੋ ਦਿੱਬ-ਚਮਤਕਾਰ ਵਾਪਰਿਆ ਹੈ, ਉਸ ਦੇ ਮੁਖ ਪਾਤਰ ਕਰਤਾਰੀ ਸ਼ਖ਼ਸੀਅਤ—ਦਸਵੇਂ ਰੂਪ ਗੁਰੂ ਗੋਬਿੰਦ ਸਿੰਘ ਜੀ ਹੀ ਹਨ। ਗੁਰੂ ਨਾਨਕ ਦੇਵ ਜੀ ਜੇ 'ਅਕਾਲ' ਦਾ ਰੂਪ ਹਨ ਤਾਂ ਗੁਰੂ ਗੋਬਿੰਦ ਸਿੰਘ ਗੁਰੂ ਨਾਨਕ ਤੇ ਉਸ ਦੀ ਜੋਤਿ ਤੋਂ ਜੱਗੀਆਂ ਹੋਰ ਅੱਠ ਗੁਰੂ ਸ਼ਖਸੀਅਤਾਂ ਦੀ ਜੋਤਿ ਦੇ ਮਾਲਕ ਵੀ ਹਨ। ਦਸ ਗੁਰੂ-ਸ਼ਖ਼ਸੀਅਤਾਂ ਵਿਚ ਜੋਤਿ, ਅਨੁਭਵ ਤੇ ਆਦਰਸ਼ ਦੀ ਏਕਤਾ ਵੀ ਹੈ ਤੇ ਇਕ-ਸੁਰਤਾ ਭੀ ਹੈ। ਇਸੇ ਕਰਕੇ ਪ੍ਰੋ: ਪੂਰਨ ਸਿੰਘ ਜਦੋਂ ਦਸ ਗੁਰੂ-ਜੋਤਿ ਦੇ 'ਏਕਤਾ-ਚਰਿੱਤਰ' ਨੂੰ ਆਪਣੀ ਪੁਸਤਕ 'Ten Masters' ਵਿਚ ਪੇਸ਼ ਕਰਦਾ ਹੈ, ਤਾਂ ਉਹ ਹਰ ਗੁਰੂ-ਸਖ਼ਸੀਅਤ ਦੇ ਨਾਮ ਨਾਲ 'ਨਾਨਕ' ਪੱਦ ਲਾ ਦਿੰਦਾ ਹੈ। 'ਨਾਨਕ' ਪੱਦ ਦੀ ਵਰਤੋਂ ਦਾ ਭਾਵ ਸ਼ਾਇਦ ਇਹ ਪ੍ਰਗਟਾਇਆ ਹੈ ਕਿ ਸਰਬ ਗੁਰੂ-ਸ਼ਖ਼ਸੀਅਤਾਂ 'ਨਾਨਕ' ਪੱਦ ਹੀ ਰੂਪ ਹਨ। ਇਹੀ ਕਾਰਨ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਨੇ 'ਅੰਮ੍ਰਿਤ' ਛੱਕਾਣ ਤੇ ਛੱਕਣ ਵਾਸਤੇ ਜਦੋਂ ਸਹਿਜ-ਮੰਡਲ ਦੀ ਸਿਰਜਨਾ ਕੀਤੀ,



www.AKJ.Org

ਤਾਂ ਉਸ ਵਿਚ ਵੀ ਗੁਰੂ ਨਾਨਕ-ਜੋਤਿ ਦੇ ਪ੍ਰਕਾਸ਼--ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਹੀ ਕੇਂਦਰੀ ਸ਼ਕਤੀ ਮਿਥਿਆ ਗਿਆ। 'ਅੰਮ੍ਰਿਤ' ਦਾ ਸਾਰਾ ਕਿਰਿਆ-ਕਾਰਜ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਤਾਬਿਆ ਵਿਚ ਹੀ ਹੁੰਦਾ ਹੈ। ਭਾਵੇਂ 'ਅੰਮ੍ਰਿਤ' ਦੇ ਸਮਾਗਮ ਵਿਚ ਦਸਮ ਪਾਤਿਸ਼ਾਹ ਤੇ ਪੰਜ ਪਿਆਰਿਆਂ ਦੀ ਹੋਂਦ ਵੀ ਜ਼ਰੂਰੀ ਹੁੰਦੀ ਹੈ, ਪਰ ਅੰਮ੍ਰਿਤ ਦੀ ਤਿਆਰੀ ਤੇ ਛੱਕਣ-ਛੱਕਾਣ ਵੇਲੇ, ਨਾ ਗੁਰੂ ਗੋਬਿੰਦ ਸਿੰਘ ਜੀ ਆਪਣੀ ਹਉਂ ਜਾਂ ਮੈਂ ਵਿਚ ਜੀਉਂਦੇ ਹਨ ਅਤੇ ਨਾ ਹੀ ਪੰਜ ਪਿਆਰੇ ਕਿਸੇ ਹਉਂ ਜਾਂ ਮੈਂ ਦੀ ਭਾਵਨਾ ਨੂੰ ਸਵੀਕਾਰ ਕਰਦੇ ਹਨ। ਪੰਜ ਪਿਆਰੇ ਜੇ ਆਪਣਾ 'ਆਪਾ' ਗੁਰੂ ਗੋਬਿੰਦ ਸਿੰਘ ਜੀ ਨੂੰ ਸਮਰਪਣ ਕਰ ਦਿੰਦੇ ਹਨ, ਤਾਂ ਗੁਰੂ ਗੋਬਿੰਦ ਸਿੰਘ ਜੀ ਵੀ ਆਪਣਾ 'ਆਪਾ' ਖਾਲਸੇ ਦੇ ਸਿਰਜਨਾਤਮਿਕ-ਮੰਡਲ ਵਿਚ ਰਖ ਦਿੰਦੇ ਹਨ। ਗੁਰੂ ਗੋਬਿੰਦ ਸਿੰਘ ਜੀ ਦੇ 'ਆਪੇ' ਤੇ ਖਾਲਸੇ ਦੇ ਸਿਰਜਨਾਤਮਕ-ਮੰਡਲ ਵਿਚ ਕੋਈ ਅੰਤਰ ਨਹੀਂ। ਇਸੇ ਕਰਕੇ ਗੁਰੂ ਗੋਬਿੰਦ ਸਿੰਘ ਜੀ ਨੇ 'ਖਾਲਸੇ' ਦੀ ਸਿਰਜਨਾ ਕਰਨ ਪਿਛੋਂ, ਇਹ ਬੜੇ ਮਾਣ ਤੇ ਗੌਰਵ ਨਾਲ ਕਿਹਾ ਸੀ ਕਿ 'ਖਾਲਸਾ' ਮੇਰਾ ਰੂਪ ਹੈ, ਮੇਰੀ ਜਾਨ ਹੈ, ਮੇਰੇ ਪ੍ਰਾਣ ਹੈ, ਮੇਰਾ ਪਿੰਡ ਹੈ, ਮੇਰੀ ਜਾਤਿ ਹੈ, ਮੇਰੀ ਸ਼ੋਭਾ ਹੈ, ਮੇਰੀ ਸ਼ਕਤੀ ਹੈ, ਮੇਰਾ ਇਸ਼ਟ ਹੈ। ਗੁਰੂ ਗੋਬਿੰਦ ਸਿੰਘ ਜੀ ਜਦੋਂ ਖਾਲਸੇ ਵਾਸਤੇ ਅਜਿਹੇ ਭਾਵ ਪ੍ਰਗਟਾਂਦੇ ਹਨ ਤਾਂ ਇਹ ਵਿਸ਼ਵਾਸ ਵੀ ਸੁੱਤੇ ਸਿੱਧ ਉਭਰ ਪੈਂਦਾ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਦਾ 'ਵਾਸ' ਸਿਰਜਨਾਤਮਿਕ ਜਾਂ ਸਹਿਜ-ਮੰਡਲ ਦਾ ਹੀ ਵਾਸ ਹੈ, ਤੇ ਇਸ ਸਿਰਜਨਾਤਮਿਕ ਜਾਂ ਸਹਿਜ-ਮੰਡਲ ਵਿਚੋਂ ਹੀ 'ਖਾਲਸੇ' ਦੀ ਰਚਨਾ ਹੋਈ ਹੈ।

ਸਿਰਜਨਾਤਮਿਕ-ਮੰਡਲ ਵਿਚ ਜਿਸ ਕਿਸੇ ਦਾ ਵੀ 'ਵਾਸ' ਹੈ, ਉਸ ਦਾ ਪਹਿਲਾ ਲੱਛਣ ਇਹ ਹੁੰਦਾ ਹੈ ਕਿ ਉਹ 'ਸਦ-ਜਾਗੰਤਾ' (ਸਦਾ ਜਾਗਦਾ) ਰਹਿ ਕੇ ਜੀਉਂਦਾ ਹੈ। 'ਸਦ ਜਾਗੰਤਾ' ਰਹਿ ਕੇ ਜੀਊਣ ਦਾ ਭਾਵ ਇਹ ਹੈ ਕਿ ਉਸ ਨੇ ਕਦੀ ਵੀ ਕੱਚ-ਪੱਖੀ ਜਾਂ ਵਿਕਾਰ-ਪੱਖੀ ਕੀਮਤਾਂ ਦੀ ਪ੍ਰੋੜ੍ਹਤਾ ਨਹੀਂ ਕੀਤੀ, ਤੇ ਸੱਚ-ਪੱਖੀ ਤੇ ਦੈਵੀ ਕੀਮਤਾਂ ਦੀ ਕਦੀ ਵਿਰੋਧਤਾ ਨਹੀਂ ਕੀਤੀ। ਸੱਚ, ਸੰਤੋਖ, ਸਹਿਜ ਤੇ ਸੁਤੰਤਰਤਾ ਦੀਆਂ ਕੀਮਤਾਂ ਉਤੇ ਉਹ ਸਦਾ ਪਹਿਰਾ ਦਿੰਦਾ ਹੈ। ਇਹਨਾਂ ਦੈਵੀ ਕੀਮਤਾਂ ਦੀ ਸੁਰੱਖਿਆ ਨਮਿੱਤ ਜੇ ਕੁਰਬਾਨੀ ਦੇਣ ਦੀ ਲੋੜ ਪਵੇ, ਤਾਂ ਉਹ ਕੁਰਬਾਨੀ ਦੇਣੋਂ ਵੀ ਝਿਜਕਦਾ ਨਹੀਂ। ਮੌਤ ਨਾਲ ਮਖ਼ੌਲ ਕਰਨਾ ਤਾਂ ਉਸ ਦਾ ਸੁਭਾਅ ਬਣ ਜਾਂਦਾ ਹੈ। ਇਹੀ ਕਾਰਨ ਹੈ ਕਿ ਸਿਰਜਨਾਤਮਿਕ-ਮੰਡਲ ਵਿਚੋਂ ਰਚੇ ਗਏ 'ਖਾਲਸੇ' ਦਾ ਪਹਿਲਾ ਲੱਛਣ ਇਹੀ ਹੈ ਕਿ ਉਹ ਸਦਾ ਜਾਗ ਕੇ ਜੀਊਂਦਾ ਹੈ। ਉਸ ਦੀ ਹੋਂਦ ਵਿਚ ਨਾ 'ਸਭਿਅਤਾ' ਲੁੱਟੀ ਜਾ ਸਕਦੀ ਹੈ, ਨਾ ਇਸਤ੍ਰੀ ਦੀ ਪਤਿ ਨੂੰ ਵੇਚਿਆ ਜਾ ਸਕਦਾ ਹੈ ਅਤੇ ਨਾ ਹੀ ਦੇਸ਼ ਦੇ ਕਿਸੇ ਧਰਤੀ-ਭਾਗ ਉਤੇ ਵਿਦੇਸ਼ੀ ਕਬਜ਼ਾ ਕਰ ਸਕਦਾ ਹੈ। 'ਸਦ ਜਾਗੰਤਾ' ਮਨੁੱਖ ਸਦਾ ਉਤਸ਼ਾਹ, ਜੋਸ਼ ਤੇ ਦਲੇਰੀ ਵਿਚ ਜੀਊਂਦਾ ਹੈ। ਉਸ ਦਾ ਆਤਮ-ਵਿਸ਼ਵਾਸ ਤੇ ਆਤਮ-ਬੱਲ ਮਹਾਨ ਤੋਂ ਮਹਾਨ 'ਯੋਧੇ' ਵਰਗਾ ਹੀ ਹੁੰਦਾ ਹੈ। ਜਿਵੇਂ ਮਹਾਨ 'ਯੋਧਾ' ਰਣ-ਖੇਤਰ ਵਿਚ ਸਨਮੁਖ ਹੋ ਕੇ ਜੂਝਦਾ ਹੈ, ਕਿਸੇ 'ਪਰ-ਮਾਲ' ਨੂੰ ਨਾ ਤਾਂ ਡਰਾਂਦਾ ਹੈ ਅਤੇ ਨਾ ਹੀ ਉਸ ਉਤੇ ਪੱਕਾ ਕਬਜ਼ਾ ਜਮਾਉਂਦਾ ਹੈ। ਇਸੇ ਤਰ੍ਹਾਂ ਗੁਰੂ-ਜੋਤਿ ਨੇ ਸਿਰਜਨਾਤਮਿਕ-ਮੰਡਲ ਵਿਚੋਂ ਜਿਸ 'ਖਾਲਸੇ' ਦੀ ਰਚਨਾ ਕੀਤੀ ਹੈ, ਉਸ ਨੂੰ ਅਜਿਹੇ 'ਅਨੁਭਵੀ-ਵਿਰਸੇ' ਦਾ ਮਾਲਕ ਬਣਾਇਆ ਹੈ, ਜਿਸ ਸਦਕਾ, ਉਹ ਸਦਾ ਜਾਗ ਕੇ, ਜੀਵੰਤ ਰਹਿ ਕੇ, ਇਕ ਮਹਾਨ 'ਯੋਧੇ' ਵਰਗਾ ਜੀਵਨ ਜੀਉਂਦਾ ਹੈ।

'ਯੋਧਾ' ਕਿਸੇ ਵੀ ਰਣ-ਖੇਤਰ ਦਾ ਹੋਵੇ, ਉਹ ਹਰ ਤਰ੍ਹਾਂ ਦੇ ਭੈ ਤੋਂ ਸੁਤੰਤਰ ਹੁੰਦਾ ਹੈ। ਜ਼ਿੰਦਗੀ ਵਿਚ 'ਮੌਤ' ਦੇ ਭੈ ਨੂੰ ਹੀ ਸਭ ਤੋਂ ਵੱਡਾ ਭੈ ਸਵੀਕਾਰ ਕੀਤਾ ਜਾਂਦਾ ਹੈ। ਬਾਕੀ ਦੇ ਹੋਰ ਜਿੰਨੇ 'ਭੈ' ਹਨ, ਉਹ ਲਗ-ਭਗ ਮਨੁੱਖ ਦੇ ਆਪਣੇ ਮਨ ਦੇ 'ਸ਼ੋਰ' ਦਾ ਹੀ ਪ੍ਰਗਟਾਵਾ ਹਨ। 'ਯੋਧਾ' ਜਿਥੇ ਦੁਨਿਆਵੀ ਸ਼ੋਰ ਤੇ ਲੇਪ ਤੋਂ ਮੁਕਤ ਹੋ ਕੇ ਜੀਊਂਦਾ ਹੈ, ਉਥੇ ਉਹ ਕਿਸੇ ਮਹਾਨ ਆਦਰਸ਼ ਦੀ ਪ੍ਰਾਪਤੀ ਵਾਸਤੇ ਵੀ ਜੂਝ ਰਿਹਾ ਹੁੰਦਾ ਹੈ। ਮਹਾਨ ਆਦਰਸ਼ ਦੀ ਪ੍ਰਾਪਤੀ 'ਜੂਝ ਮਰੋਂ' ਦੀ ਦ੍ਰਿੜ੍ਹ ਬਿਰਤੀ ਨਾਲ ਹੀ ਹੋ ਸਕਦੀ ਹੈ, ਕਿਸੇ ਹੋਰ ਸਾਧਨ ਦੁਆਰਾ ਨਹੀਂ। ਜਿਹੜਾ 'ਯੋਧਾ' ਮੌਤ ਤੋਂ ਭੈ ਖਾਂਦਾ ਹੈ, ਉਹ ਸਰੀਰਕ ਤੌਰ ਤੇ ਜਿੰਨਾ ਮਰਜ਼ੀ ਬਲਵਾਨ ਹੋਵੇ, ਉਸ ਨੂੰ ਰਣ-ਨੀਤੀ ਦਾ 'ਯੋਧਾ' ਨਹੀਂ ਆਖਿਆ ਜਾ ਸਕਦਾ ਅਤੇ ਨਾ ਹੀ ਉਹ ਕਿਸੇ ਮਹਾਨ ਆਦਰਸ਼ ਦੀ ਪ੍ਰਾਪਤੀ ਕਰ ਸਕਦਾ ਹੈ। ਜਿਨ੍ਹਾਂ ਜਾਗਦੇ


www.AKJ.Org

ਯੋਧਿਆਂ (ਖਾਲਸੇ)‡ ਦੀ ਸਿਰਜਨਾ ਦਸਮ ਗੁਰੂ-ਜੋਤਿ ਨੇ ਕੀਤੀ, ਉਸ ਬਾਰੇ ਉਹਨਾਂ ਆਪ ਸਪੱਸ਼ਟ ਆਖਿਆ ਹੈ, ਕਿ ਇਹ 'ਖਾਲਸਾ' ਵਾਹਿਗੁਰੂ ਦਾ ਹੈ, ਤੇ ਇਸ ਦਾ 'ਸਾਜਨਾ-ਆਦਰਸ਼' ਸ੍ਰਿਸ਼ਟੀ-ਆਕਾਰ ਵਿਚ 'ਵਾਹਿਗੁਰੂ' ਦੀ ਫ਼ਤਹ ਪ੍ਰਾਪਤੀ ਵਾਸਤੇ ਵਾਤਾਵਰਣ ਪੈਦਾ ਕਰਨਾ ਵੀ ਹੈ ਤੇ ਵਿਸ਼ੇ-ਵਿਕਾਰਾਂ ਵਿਰੁੱਧ ਜੂਝ ਮਰਨਾ ਵੀ ਹੈ। ਭਾਵੇਂ ਗੁਰੂ ਤੇਗ਼ ਬਹਾਦਰ ਜੀ ਤਕ, ਇਸ ਖਾਲਸੇ ਦੀ ਸਪੱਸ਼ਟ ਰੂਪ ਵਿਚ ਕੋਈ ਹੋਂਦ ਨਹੀਂ ਸੀ ਜਿਸ ਦੀ ਸਿਰਜਨਾ ਦਸਮ ਪਾਤਿਸ਼ਾਹ ਰਾਹੀਂ ਵਿਸਾਖੀ 1699 ਨੂੰ ਹੁੰਦੀ ਹੈ, ਪਰ 'ਖਾਲਸੇ' ਨੂੰ ਜਿਸ 'ਵਾਹਿਗੁਰੂ' ਦਾ ਆਖ ਕੇ, ਤੇ ਜਿਸ ਚਰਿੱਤਰ ਤੇ ਆਦਰਸ਼ ਦਾ ਉਸ ਨੂੰ ਰਹੱਸ ਸਮਝਾਇਆ ਗਿਆ ਹੈ, ਉਸ 'ਵਾਹਿਗੁਰੂ' ਦੀ ਸਰਬ ਸ਼ਕਤੀ-ਮਾਨਤਾ ਤੇ ਸਰਬ-ਵਿਆਪਕਤਾ ਦੀ ਹੋਂਦ ਦਾ ਰਹੱਸ ਤਾਂ ਪਹਿਲੀਆਂ ਨੌਂ ਗੁਰੂ-ਸ਼ਖ਼ਸੀਅਤਾਂ ਭਾਰਤ-ਵਾਸੀਆਂ ਨੂੰ ਸਮਝਾ ਚੁਕੀਆਂ ਸਨ। ਜਦੋਂ ਗੁਰੂ ਨਾਨਕ-ਜੋਤਿ ਨੇ ਮਨੁੱਖਤਾ ਨੂੰ ਇਹ ਸਮਝਾਇਆ ਸੀ, ਕਿ ''ਪਹਿਲਾਂ ਮਰਣੁ ਕਬੂਲਿ'' ''ਜੀਵਣ ਕੀ ਛਡਿ ਆਸ''* ਤਾਂ ਇਹ ਉਹੀ ਚਰਿੱਤਰ ਸੀ, ਜਿਹੜਾ ਮਨੁੱਖ ਨੂੰ ''ਜੂਝ ਮਰੋਂ'' ਦੀ ਦ੍ਰਿੜ੍ਹ ਬਿਰਤੀ ਵਾਲਾ 'ਯੋਧਾ' ਵੀ ਬਣਾਂਦਾ ਹੈ ਤੇ ਮੋਹ-ਮਾਇਆ ਦੀਆਂ ਕੀਮਤਾਂ ਨਾਲ ਨਿਰਲੇਪ ਸੰਬੰਧ ਰਖ ਕੇ, 'ਵਾਹਿਗੁਰੂ' ਦਾ ਵੀ ਬਣਾਂਦਾ ਹੈ। 'ਵਾਹਿਗੁਰੂ' ਦਾ ਬਣਨ ਵਾਸਤੇ 'ਦੇਹ' ਤੋਂ ਮੁਕਤ ਤੇ ਸੁਰਤਿ ਦੀ ਅਵਸਥਾ ਵਿਚ ਜੀਉਣਾ ਜ਼ਰੂਰੀ ਹੈ। 'ਵਾਹਿਗੁਰੂ' ਵਾਲਾ ਕਦੀ ਵੀ 'ਦੇਹ' ਵਿਚ ਨਹੀਂ ਜੀਉਂਦਾ ਅਤੇ ਨਾ ਹੀ ਵਾਹਿਗੁਰੂ ਦੀ ਪ੍ਰਾਪਤੀ ਵਾਸਤੇ 'ਦੇਹ' ਨੂੰ ਇਕ ਟੀਚਾ ਮਿਥਦਾ ਹੈ। ਗੁਰੂ ਰਾਮਦਾਸ-ਪਾਤਿਸ਼ਾਹ ਵੀ ਜਦੋਂ ਆਪਣੇ ਛੰਦਾਂ ਵਿਚ 'ਜੀਵਨ-ਮੁਕਤਿ ਸੋ ਆਖੀਐ' 'ਮਰਿ ਜੀਵੈ ਮਰੀਆ'† ਦਾ ਭਾਵ ਪ੍ਰਗਟਾਂਦੇ ਹਨ, ਤਾਂ ਇਥੇ ਵੀ ਉਹ ਇਹੀ ਪੱਖ ਸਪੱਸ਼ਟ ਕਰਦੇ ਹਨ, ਕਿ ਸਦ-ਜੀਵੰਤ-ਜੀਵਨ ਤਾਂ ਦੇਹ ਜਾਂ ਮੌਤ ਦੇ ਭੈ ਤੋਂ ਮੁਕਤ ਹੋ ਕੇ ਹੀ ਜੀਵਿਆ ਜਾ ਸਕਦਾ ਹੈ। ਜਿਸ ਜੀਵਨ ਵਿਚ ਹਮੇਸ਼ਾ ਮੌਤ ਦਾ ਭੈ ਪ੍ਰਧਾਨ ਹੈ, ਉਹ ਜੀਵਨ ਦੇਹ-ਕੀਮਤਾਂ ਦੇ ਮੋਹ ਤੋਂ ਕਦੀ ਵੀ ਛੁਟਕਾਰਾ ਨਹੀਂ ਪਾ ਸਕਦਾ। ਗੁਰੂ-ਜੋਤਿ ਦਾ ਸਤਿ ਇਹੀ ਹੈ ਕਿ ਦੇਹ-ਕੀਮਤਾਂ ਤੋਂ ਸੁਤੰਤਰ ਹੋ ਕੇ ਹੀ ਸਹਿਜ ਜਾਂ ਸਿਰਜਨਾਤਮਿਕ-ਮੰਡਲ ਵਿਚ ਜੀਵਿਆ ਜਾ ਸਕਦਾ ਹੈ। ਇਹੀ ਕਾਰਨ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਜਿਸ 'ਖਾਲਸੇ' ਦੀ ਸਿਰਜਨਾ ਕੀਤੀ ਹੈ, ਉਹ ਨਾ ਤਾਂ 'ਦੇਹ' ਨੂੰ ਕੋਈ ਮਹੱਤਵ ਦਿੰਦਾ ਹੈ, ਨਾ ਹੀ ਮੋਹ-ਮਾਇਆ ਦੀਆਂ ਕੀਮਤਾਂ ਨੂੰ ਆਪਣੇ ਜੀਵਨ ਵਿਚ ਪਹਿਲ ਦਿੰਦਾ ਹੈ, ਅਤੇ ਨਾ ਹੀ ਕਿਸੇ ਤਰ੍ਹਾਂ ਦੇ ਦੁਨਿਆਵੀ ਭੈ ਨੂੰ ਸਵੀਕਾਰ ਕਰਦਾ ਹੈ। ਹਾਂ ਰੱਬੀ-ਭੈ ਜਾਂ ਦੈਵੀ-ਭੈ ਦੀ ਆਗਿਆਕਾਰੀ ਵਿਚ ਰਹਿਣਾ ਉਹ ਆਪਣਾ ਪਹਿਲਾ ਤੇ ਵਫ਼ਾਦਾਰੀ ਕਰਤੱਵ ਮੰਨਦਾ ਹੈ। ਇਹੀ ਕਾਰਨ ਹੈ ਕਿ 'ਖਾਲਸੇ' ਦਾ ਸਿਰਜਨਾਤਮਿਕ-ਮੰਡਲ ਜੇ ਸ਼ੁਭ-ਆਤਮਕ ਹੈ ਤਾਂ ਉਸ ਦਾ ਵੀਚਾਰ-ਆਦਰਸ਼ ਵੀ ਬੜਾ ਸਾਰਥਿਕ ਹੈ।

ਖਾਲਸੇ ਦਾ 'ਵੀਚਾਰ-ਆਦਰਸ਼' ਉਹੀ ਹੈ, ਜਿਸ ਦਾ ਆਦਿ-ਆਰੰਭ ਗੁਰੂ ਨਾਨਕ-ਪਾਤਿਸ਼ਾਹ ਨੇ ਕੀਤਾ ਸੀ, ਤੇ ਜਿਸ ਦਾ ਸੰਪੂਰਨ ਸਿਖਰ ਗੁਰੂ ਗੋਬਿੰਦ ਸਿੰਘ ਜੀ ਨੇ ਪ੍ਰਗਟ ਕੀਤਾ ਹੈ। 'ਖਾਲਸਾ' ਆਪਣੇ ਆਪ ਵਿਚ ਇਕ ਬਿੰਬ ਹੈ, ਇਕ ਪੂਰਨ ਤੇ ਜੀਉਂਦੀ ਜਾਗਦੀ ਜ਼ਿੰਦਗੀ ਹੈ—ਗੁਰੂ ਨਾਨਕ ਤੇ ਗੁਰੂ ਗੋਬਿੰਦ ਸਿੰਘ ਜੀ ਦੇ ਵੀਚਾਰ-ਆਦਰਸ਼ ਨੂੰ ਪੇਸ਼ ਕਰਨ ਦੀ। ਇਸੇ ਕਰਕੇ ਖਾਲਸੇ ਦੇ ਸਿਰਜਨਾਤਮਿਕ-ਮੰਡਲ ਨੂੰ ਰੱਚਣ ਵੇਲੇ ਜਿਨ੍ਹਾਂ 'ਬਾਣੀਆਂ' ਦਾ ਪਾਠ ਕੀਤਾ ਜਾਂਦਾ ਹੈ, ਉਨ੍ਹਾਂ ਵਿਚ ਗੁਰੂ ਨਾਨਕ ਸਾਹਿਬ ਦੀ ਬਾਣੀ ਵੀ ਹੈ ਤੇ ਗੁਰੂ ਗੋਬਿੰਦ ਸਿੰਘ ਜੀ ਦੀ ਬਾਣੀ ਵੀ ਹੈ। ਭਾਵੇਂ ਸਰਬ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਸਮ-ਪਾਤਿਸ਼ਾਹ ਦੀ ਬਾਣੀ ਨਹੀਂ, ਪਰ ਇਸ ਬਾਣੀ-ਗੁਰੂ ਗ੍ਰੰਥ ਸਾਹਿਬ ਨੂੰ ਹੀ ਦੱਸਾਂ ਪਾਤਿਸ਼ਾਹੀਆਂ ਦੀ ਜਾਗਦੀ ਜੋਤਿ ਕਹਿ ਕੇ ਸਵੀਕਾਰਿਆ ਤੇ ਸਤਿਕਾਰਿਆ ਜਾਂਦਾ ਹੈ, ਜੇ 'ਗੁਰੂ-ਬਾਣੀ' ਗੁਰੂ-ਜੋਤਿ ਦਾ ਪ੍ਰਕਾਸ਼ ਹੈ, ਤੇ ਗੁਰੂ-ਜੋਤਿ ਦਾ ਖਾਲਸੇ ਵਿਚ 'ਵਾਸ' ਹੈ, ਤਾਂ ਸਪੱਸ਼ਟ ਹੈ ਕਿ 'ਖਾਲਸੇ'

‡ ਜਾਗਦੇ ਯੋਧਿਆਂ (ਖਾਲਸੇ) ਦੀ ਰਹਿਣੀ ਦਸਮ ਪਾਤਸ਼ਾਹ ਜੀ ਨੇ ਤੇਤੀ ਸਵੱਯਾਂ ਦੇ ਅਰੰਭ ਵਿਚ ਇਉਂ ਦਸੀ ਹੈ :

ਜਾਗਤ ਜੋਤਿ ਜਪੈ ਨਿਸ ਬਾਸੁਰ ਏਕ ਬਿਨਾ ਮਨ ਨੈਕ ਨ ਆਨੈ ॥
ਪੂਰਨ ਪ੍ਰੇਮ ਪ੍ਰਤੀਤ ਸਜੈ ਬ੍ਰਤ ਗੋਰ ਮੜੀ ਮਟ ਭੂਲ ਨ ਮਾਨੈ ॥
ਤੀਰਥ ਦਾਨ ਦਇਆ ਤਪ ਸੰਜਮ ਏਕ ਬਿਨਾ ਨਹਿ ਏਕ ਪਛਾਨੈ ॥
ਪੂਰਨ ਜੋਤਿ ਜਗੈ ਘਟ ਮੈ ਤਬ ਖਾਲਸ ਤਾਹਿ ਨਿਖਾਲਸ ਜਾਨੈ ॥ [ਸੰਪਾਦਕ

* ਮਾਰੂ ਵਾਰ ੫, ਮ: ੫, ਪੰਨਾ ੧੧੦੨ † ਆਸਾ ਮ: ੪, ਪੰਨਾ ੪੪੯



www.AKJ.Org

ਦਾ ਵੀਚਾਰ-ਆਦਰਸ਼ ਉਹੀ ਹੈ, ਜੋ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਵੀਚਾਰ-ਆਦਰਸ਼ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਵੀਚਾਰ-ਆਦਰਸ਼ ਨੂੰ 'ਆਤਮ-ਸ਼ੁੱਧੀ' ਦਾ ਆਦਰਸ਼ ਆਖਿਆ ਜਾ ਸਕਦਾ ਹੈ। ਆਤਮ-ਸ਼ੁੱਧੀ ਵਿਚ ਵਿਕਾਰਾਂ ਦਾ ਨਾਸ਼ ਵੀ ਹੈ, ਤੇ ਪ੍ਰਮਾਤਮਾ ਨਾਲ ਮਿਲਾਪ ਵੀ ਹੈ। ਜੇ 'ਆਤਮਾ' ਨੂੰ ਵਿਕਾਰ-ਮੋਹ, ਭਰਮ-ਅਗਿਆਨ ਤੇ ਪਾਪ-ਬਿਰਤੀ ਤੋਂ ਸੁਤੰਤਰ ਕਰ ਲਿਆ ਜਾਵੇ, ਤਾਂ 'ਆਤਮਾ' ਦਾ ਰੂਪ 'ਪ੍ਰਮਾਤਮਾ' ਵਾਲਾ ਹੋ ਜਾਂਦਾ ਹੈ। ਪ੍ਰਮਾਤਮਾ ਦੀ ਏਕਤਾ, ਅਨੇਕਤਾ ਤੇ ਵਿਆਪਕਤਾ ਦਾ ਪੂਰਨ ਤੇ ਦਿੱਬ ਅਹਿਸਾਸ ਉਸੇ ਵਿਅਕਤੀ ਨੂੰ ਹੀ ਹੋ ਸਕਦਾ ਹੈ, ਜਿਸ ਨੇ ਆਪਣੀ ਆਤਮਾ ਨੂੰ ਸ਼ੁਧ ਕਰ ਲਿਆ ਹੈ, ਮੈਲ ਤੋਂ ਪੂਰੀ ਤਰ੍ਹਾਂ ਮੁਕਤ ਕਰ ਲਿਆ ਹੈ। ਇਹੀ ਕਾਰਨ ਹੈ ਕਿ ਜਿਹੜਾ 'ਸਿੱਖ' ਖਾਲਸੇ ਦੇ ਸਿਰਜਨਾਤਮਿਕ-ਮੰਡਲ ਵਿਚ ਦਾਖ਼ਲ ਹੋਣ ਲਗਦਾ ਹੈ, ਉਸ ਨੂੰ ਪਹਿਲਾਂ ਪੁਛ ਲਿਆ ਜਾਂਦਾ ਹੈ, ਹੇ ਗੁਰਸਿੱਖਾ ! ਤੂੰ ਕੇਸਾਂ ਸਮੇਤ ਸਰੀਰ ਦਾ ਇਸ਼ਨਾਨ ਕਰ ਲਿਆ ਹੈ। ਕੇਸਾਂ ਤੇ ਸਰੀਰ ਦੇ ਇਸ਼ਨਾਨ ਦਾ ਭਾਵ ਇਹੀ ਹੈ, ਕਿ ਕੀ ਗੁਰਸਿਖਾ ! ਤੂੰ ਖਾਲਸੇ ਦੇ ਸਿਰਜਨਾਤਮਿਕ-ਮੰਡਲ ਵਿਚ ਪਰਵੇਸ਼ ਕਰਨ ਵਾਸਤੇ ਤਿਆਰ-ਬਰ-ਤਿਆਰ ਹੈਂ। ਜਿਸ ਨੇ ਆਪਣੇ ਅਨੁਭਵ ਨੂੰ, ਆਪਣੇ ਵੀਚਾਰ-ਆਦਰਸ਼ ਨੂੰ ਤੇ ਆਪਣੇ ਸਰੂਪ ਨੂੰ ਨਿਖਾਲਸ ਕਰ ਲਿਆ ਹੈ, ਉਹੀ ਸਿਰਜਨਾਤਮਿਕ-ਮੰਡਲ ਵਿਚ ਪ੍ਰਵੇਸ਼ ਕਰ ਸਕਦਾ ਹੈ, ਉਸੇ ਨੂੰ ਹੀ ਖਾਲਸੇ ਦੇ ਦੈਵੀ-ਗੌਰਵ ਦਾ ਮਾਣ ਪ੍ਰਾਪਤ ਹੋ ਸਕਦਾ ਹੈ। ਜਦੋਂ 'ਸਿੱਖ' ਅੰਮ੍ਰਿਤ-ਮੰਡਲ ਵਿਚ ਬੈਠ ਕੇ, ਅੰਮ੍ਰਿਤ-ਪ੍ਰਾਪਤੀ ਵਾਸਤੇ ਇੱਛਾ ਪ੍ਰਗਟਾਅ ਰਿਹਾ ਹੁੰਦਾ ਹੈ, ਤਾਂ ਪੰਜਾਂ ਪਿਆਰਿਆਂ ਵਿਚੋਂ ਮੁਖੀ ਪਿਆਰਾ, ਪਹਿਲਾਂ ਉਸ ਨੂੰ ਅੰਮ੍ਰਿਤ-ਪ੍ਰਾਪਤੀ ਦਾ ਆਦਰਸ਼ ਸਮਝਾਂਦਾ ਹੈ, ਫਿਰ ਉਸ ਨੂੰ ਸਥਾਪਿਤ ਕੀਤੇ ਦਸਮ ਪਾਤਿਸ਼ਾਹ ਦੇ ਕਕਾਰ-ਸਰੂਪ ਦਾ ਮਹੱਤਵ ਸਮਝਾਂਦਾ ਹੈ, ਫਿਰ ਉਸ ਨੂੰ ਪੂਰਨ ਰੂਪ ਵਿਚ ਸ਼ੁੱਧ ਕਰਨ ਵਾਸਤੇ ਪਹਿਲਾਂ ਉਸ ਦੇ ਕੇਸਾਂ ਨੂੰ ਅੰਮ੍ਰਿਤ ਨਾਲ ਸ਼ਿੰਗਾਰਿਆ ਜਾਂਦਾ ਹੈ। ਤਾਂਕਿ 'ਕੇਸ' ਅੰਮ੍ਰਿਤ ਦੇ ਗੌਰਵ ਨੂੰ ਬੁੱਝ ਸਕਣ ਤੇ ਦਿਮਾਗੀ ਗੁਲਾਮੀ ਨੂੰ ਛੱਡ ਸਕਣ। ਫਿਰ ਉਸ ਦੀਆਂ ਭਾਵਨਾਵਾਂ ਤੋਂ ਮੁਕਤ ਹੋ ਸਕਣ ਤੇ ਦਿੱਬ ਪ੍ਰਕਾਸ਼ ਨੂੰ ਵੇਖ ਸਕਣ। ਅਖੀਰ ਉਸ ਦੇ *'ਹਿਰਦੇ' ਨੂੰ ਅੰਮ੍ਰਿਤ ਪਿਲਾਇਆ ਜਾਂਦਾ ਹੈ, ਤਾਂਕਿ 'ਹਿਰਦਾ' ਅੰਮ੍ਰਿਤ ਪੀ ਕੇ ਪਾਵਨ ਤੇ ਅਮਰ ਹੋ ਜਾਏ। ਅੰਮ੍ਰਿਤ-ਮੰਡਲ ਵਿਚ ਬੈਠੇ 'ਸਿੱਖ' ਨੂੰ ਇਹ ਜੋ ਦਿੱਬ ਚਮਤਕਾਰ ਦਿਖਾਇਆ ਜਾਂਦਾ ਹੈ, ਇਸ ਦਾ ਮੁੱਖ ਆਦਰਸ਼ ਇਹੀ ਹੁੰਦਾ ਹੈ, ਕਿ 'ਸਿੱਖ' ਆਪਣੇ ਅਨੁਭਵ, ਜੀਵਨ-ਆਦਰਸ਼ ਤੇ ਸਰੂਪ ਨੂੰ ਖਾਲਸਈ ਅਨੁਭਵ, ਆਦਰਸ਼ ਤੇ ਸਰੂਪ ਵਿਚ ਬਦਲ ਲਵੇ। ਸਿਰਜਨਾਤਮਿਕ-ਮੰਡਲ ਵਿਚ ਪਰਵੇਸ਼ ਕਰਨ ਤੋਂ ਪਹਿਲਾਂ 'ਸਿੱਖ' ਅਧੂਰਾ ਹੁੰਦਾ ਹੈ, ਤੇ ਸਿਰਜਨਾਤਮਿਕ-ਮੰਡਲ ਇਸੇ ਕਰਕੇ 'ਖਾਲਸਾ' ਪੂਰਨ-ਪੁਰਖ ਭਗਵੰਤ ਨੂੰ ਹੀ ਆਪਣਾ ਇਸ਼ਟ ਸਵੀਕਾਰ ਕਰਦਾ ਹੈ, (ਕਿਸੇ ਹੋਰ ਦੇਵੀ-ਦੇਵਤੇ ਜਾਂ ਅਵਤਾਰ ਨੂੰ ਨਹੀਂ) ਤੇ ਉਸ ਵਰਗੀ ਹੀ ਅੰਮ੍ਰਿਤ-ਮਈ, ਵੈਰ ਤੇ ਭਉ-ਮੁਕਤ ਤੇ ਸ਼ੁਧ-ਰੂਪ ਵਿਚ ਗੌਰਵ ਵਾਲੀ ਜ਼ਿੰਦਗੀ ਹੀ ਜੀਊਂਦਾ ਹੈ। ਇਸੇ ਜ਼ਿੰਦਗੀ ਵਿਚ ਹੀ ਉਹ ਆਪਣੀ ਗਤੀ ਤੇ ਆਤਮ-ਪ੍ਰਗਤੀ ਮੰਨਦਾ ਹੈ।

ਗੁਰੂ ਗੋਬਿੰਦ ਸਿੰਘ ਜੀ ਨੇ 'ਖਾਲਸੇ' ਨੂੰ ਜਿਸ ਕਕਾਰ-ਸਰੂਪ ਵਿਚ ਸਜਾਇਆ ਹੈ, ਉਹ ਵੀ ਸਾਖੀ ਭਰਦਾ ਹੈ, ਕਿ 'ਖਾਲਸਾ' ਸਿਰਜਨਾਤਮਿਕ-ਮੰਡਲ ਦੀ ਹੀ ਉਪਜ ਹੈ। ਜਿਵੇਂ 'ਸਿਰਜਨਾਤਮਿਕ-ਮੰਡਲ' ਸ਼ੁੱਧ, ਸੁਤੰਤਰ ਤੇ ਸਾਰਥਿਕ ਉਸਾਰੀ ਦਾ ਸੋਮਾ ਬਣਦਾ ਹੈ, ਕੁਝ ਇਸੇ ਤਰ੍ਹਾਂ ਹੀ ਸਿਰਜਨਾਤਮਿਕ-ਮੰਡਲ ਵਿਚੋਂ ਰਚੇ ਗਏ 'ਖਾਲਸੇ' ਨੂੰ ਜਿਥੇ ਸ਼ੁਧ, ਸੁਤੰਤਰ ਤੇ ਸਾਰਥਿਕ ਚਰਿੱਤਰ ਦਾ ਮਾਲਕ ਬਣਾਇਆ ਗਿਆ ਹੈ, ਉਥੇ ਉਸ ਨੂੰ ਕਕਾਰ-ਜ਼ਬਤ ਵਿਚ ਢਾਲ ਕੇ, ਇਕ ਤਾਂ ਉਸ ਨੂੰ ਹਿੰਦੂ-ਮੁਸਲਮਾਨਾਂ ਤੋਂ ਨਿਆਰਾ ਕਰ ਦਿੱਤਾ ਗਿਆ ਹੈ, ਤੇ ਦੂਜਾ 'ਮਰਦ' ਜਾਂ 'ਮਰਦਾਨਾ' ਦਾ ਵਿਜੱਈ ਰਹੱਸ ਵੀ ਉਸ ਨੂੰ ਬੁਝਾ ਦਿੱਤਾ ਗਿਆ ਹੈ। ਖਾਲਸੇ ਨੂੰ ਸਿਰਜਨਾਤਮਿਕ-ਮੰਡਲ ਵਿਚੋਂ ਰੱਚਣ ਦਾ ਮੂਲ ਕਾਰਨ ਇਹੀ ਸੀ, ਕਿ ਉਹ ਆਪਣੇ ਮਰਦ-ਚਰਿੱਤਰ ਨੂੰ ਸਥਿਰ ਰਖ ਸਕੇ। ਮਰਦ-ਚਰਿੱਤਰ ਨੂੰ ਸਥਿਰ ਰੱਖਣ ਵਾਸਤੇ ਜ਼ਬਤਧਾਰੀ ਹੋਣਾ ਲਾਜ਼ਮੀ ਹੈ। 'ਪੰਜ-ਕਕਾਰ' ਖਾਲਸੇ ਨੂੰ ਜ਼ਬਤ ਵਿਚ ਰੱਖਣ ਦਾ ਹੀ ਮਨੋਵਿਗਿਆਨਕ ਆਧਾਰ ਹਨ। ਜਿਵੇਂ 'ਟਕਸਾਲ' ਵਿਚੋਂ ਨਿਕਲੀ 'ਮੁਹਰ' ਦੀ ਪ੍ਰਮਾਣਿਕਤਾ ਤੇ ਸਾਰਥਿਕਤਾ ਉਤੇ ਕੋਈ ਸ਼ੱਕ ਨਹੀਂ

* ਪੰਚਾਂ ਵਲੋਂ ਨਾਮ-ਅੰਮ੍ਰਿਤ ਹਿਰਦੇ ਵਿਚ ਸਿੰਜਾਰਿਆ ਜਾਂਦਾ ਹੈ। [ਸੰਪਾਦਕ

[ਬਾਕੀ ਸਫ਼ਾ ੧੪ ਹੇਠ]



www.AKJ.Org

# ਸਿੱਖੀ (ਅੰਮ੍ਰਿਤ) ਦੀ ਕੀਮਤ

[ਭਾਈ ਰਾਮ ਸਿੰਘ ਜੀ ਸੁਕੈਂਡਰਨ ਲੀਡਰ, ਅੰਮ੍ਰਿਤਸਰ]

ਸਿੱਖੀ ਦੀ ਕੀਮਤ ਸੰਬੰਧੀ ਗੁਰਬਾਣੀ ਕਹਿੰਦੀ ਹੈ–

(ੳ) "ਮੈ ਤਉ ਮੋਲਿ ਮਹਗੀ ਲਈ ਜੀਅ ਸਟੈ ॥" (ਪੰਨਾ ੬੯੪)

ਭਾਵ ਕਿ ਮੈਂ ਜਾਨ ਦੇ ਕੇ ਮਹਿੰਗੇ ਭਾਅ ਸਿੱਖੀ ਲਈ ਹੈ।

(ਅ) "...ਹਮ ਵੇਚਿਓ ਸਿਰ ਗੁਰ ਕੇ" ॥੪॥੧॥ (ਪੰਨਾ ੭੩੧)

(ੲ) "...ਸਿਰੁ ਵੇਚਿਓ ਗੁਰ ਪਹਿ ਮੋਲੀ" ॥੩॥੫੩॥ (੧੬੯)

ਭਾਵ ਕਿ ਆਪਣਾ ਸੀਸ ਗੁਰੂ ਜੀ ਅਗੇ ਵੇਚ ਦਿਤਾ ਹੈ। ("ਇਸ ਦੇ ਬਦਲੇ ਗੁਰੂ ਜੀ ਪਾਸੋਂ ਸਿੱਖੀ ਲਈ ਹੈ" ਦਾ ਭਾਵ ਲੁਪਤ ਹੈ)।

(ਸ) "ਕੋਈ ਆਇ ਮਿਲੈਗੋ ਗਾਹਕੀ ਲੇਗੋ ਮਹਗੇ ਮੋਲਿ" ॥੨੫॥ (ਪੰਨਾ ੧੩੭੬)

ਭਾਵ ਕਿ ਮਹਿੰਗਾ ਮੁਲ ਤਾਰ ਕੇ ਕੋਈ ਵਿਰਲਾ ਹੀ ਆ ਕੇ ਗੁਰੂ ਪਾਸੋਂ ਸਿੱਖੀ ਪ੍ਰਾਪਤ ਕਰੇਗਾ।

(ਹ) "ਸਿਰੁ ਧਰਿ ਤਲੀ ਗਲੀ ਮੇਰੀ ਆਉ" ॥੨੦॥ (ਪੰਨਾ ੧੪੧੨)

ਗੁਰੂ ਜੀ ਕਹਿੰਦੇ ਹਨ ਕਿ ਜੇ ਮੇਰੇ ਚਲਾਏ ਸਿੱਖੀ ਮਾਰਗ ਤੇ ਆਉਣਾ ਹੈ ਤਾਂ ਸੀਸ ਭੇਟ ਕਰਨ ਦੀ ਮਨਸਾ ਧਾਰ ਕੇ ਮੇਰੇ ਪਾਸ ਆਓ। ("ਵਰਨਾ ਨਾ ਆਓ" ਦਾ ਭਾਵ ਲੁਪਤ ਹੈ)।

ਇਤਨਾ ਮਹਿੰਗਾ ਮੁਲ ਜ਼ਿੰਦਗੀ ਵਿਚ ਕੇਵਲ ਇਕ ਵੇਰ ਹੀ ਤਾਰਿਆ ਜਾ ਸਕਦਾ ਹੈ। ਸਿਰ ਇਕ ਵੇਰ ਹੀ ਉਤਾਰ ਕੇ ਤਲੀ ਤੇ ਰਖਿਆ ਜਾ ਸਕਦਾ ਹੈ, ਬਾਰ ਬਾਰ ਨਹੀਂ। ਜਿਹੜਾ ਮੁਲ ਬਾਰ ਬਾਰ ਤਾਰਿਆ ਜਾ ਸਕੇ, ਉਸ ਨੂੰ ਮਹਿੰਗਾ ਨਹੀਂ ਕਿਹਾ ਜਾਂਦਾ। ਸਿਖ ਧਰਮ ਦੇ ਦੋਖੀ ਸਿੱਖੀ ਦੇ ਅਜਿਹੇ ਮਹਿੰਗੇ ਪਹਿਲੂ ਤੋਂ ਚੰਗੀ ਤਰ੍ਹਾਂ ਜਾਣੂ ਸਨ। ਉਹ ਸਮਝਦੇ ਸਨ ਕਿ ਸਿੱਖੀ ਦੀ ਚੜ੍ਹਦੀ ਕਲਾ, ਸਿੱਖੀ ਦੀ ਕਰੜਾਈ ਉਤੇ ਹੀ ਨਿਰਭਰ ਕਰਦੀ ਹੈ। ਏਸੇ ਲਈ ਉਨ੍ਹਾਂ ਨੇ ਪੁਰਾਤਨ ਪ੍ਰਚਲਤ ਰਹਿਤਨਾਮਿਆਂ ਵਿਚ, ਸਿੱਖਾਂ ਨੂੰ ਸਿੱਖੀ ਤੋਂ ਡੇਗਣ ਲਈ ਕੁਝ ਕੁਰਹਿਤਾਂ ਨੂੰ ਖ਼ਾਸ ਖ਼ਾਸ ਹਾਲਤਾਂ ਵਿਚ ਜਾਇਜ਼ ਕਰਾਰ ਦੇ ਦਿਤਾ ਤੇ ਬਾਕੀ ਕੁਰਹਿਤਾਂ ਸੰਬੰਧੀ ਇਹ ਲਿਖ ਮਾਰਿਆ ਕਿ ਉਨ੍ਹਾਂ ਵਿਚੋਂ ਜੇ ਕੋਈ ਕੁਰਹਿਤ ਹੋ ਜਾਏ ਤਾਂ ਬਾਅਦ ਵਿਚ ਬਖ਼ਸ਼ਵਾ ਲੈਣੀ ਚਾਹੀਦੀ ਹੈ। "ਬਖ਼ਸ਼ਵਾ ਲੈਣ" ਵਾਲੀ ਗੱਲ ਦਾ ਤਾਂ ਐਵੇਂ ਚੋਗਾ ਹੀ ਪਾਇਆ ਗਿਆ ਹੈ। ਉਨ੍ਹਾਂ ਦਾ ਭਾਵ ਤਾਂ ਕੇਵਲ ਇਕ ਵੇਰ ਸਿਖ ਪਾਸੋਂ ਕੁਰਹਿਤ ਕਰਵਾਉਣ ਦਾ ਹੀ ਸੀ। ਉਹ ਜਾਣਦੇ ਸਨ ਕਿ ਕੁਰਹਿਤ ਹੋਈ ਤੇ ਸਿੱਖੀ ਗਈ। ਇਨ੍ਹਾਂ ਰਹਿਤਨਾਮਿਆਂ ਵਿਚ ਤਾਂ ਪੂਰੇ ਪੰਥ ਨੂੰ ਹੀ ਸਿੱਖੀ ਵਿਚੋਂ ਖ਼ਾਰਜ ਕਰਾਉਣ ਦਾ ਮਸਾਲਾ ਭਰਿਆ ਹੈ।

ਸਾਡੇ ਮਾੜੇ ਭਾਗ ਇਹ ਹਨ ਕਿ ਅਸੀਂ ਇਨ੍ਹਾਂ ਪੁਰਾਤਨ ਰਹਿਤਨਾਮਿਆਂ ਨੂੰ ਪ੍ਰਮਾਣੀਕ ਧਾਰਮਕ ਲਿਖਤਾਂ ਸਮਝ ਕੇ, ਇਨ੍ਹਾਂ ਤੋਂ ਹੀ ਆਪਣੇ ਜੀਵਨ ਸੰਬੰਧੀ ਅਗਵਾਈ ਲੈਂਦੇ ਰਹੇ ਹਾਂ, ਅਤੇ ਪਤਿਤ ਹੋ ਜਾਣ ਉਪਰੰਤ ਮੁੜ ਅੰਮ੍ਰਿਤ ਛਕ ਲੈਣ ਨੂੰ ਸੁਭਾਵਕ ਹੀ ਸਮਝ ਰਖਿਆ ਹੈ। ਜੇ ਸਾਡੀ ਅਜਿਹੀ ਰੁਚੀ ਠੀਕ ਹੈ, ਤਾਂ ਤੇ ਸਿੱਖੀ ਬਹੁਤ ਹੀ ਸਸਤੀ ਹੋਈ। ਮਹਿੰਗੀ ਕਿਵੇਂ? ਏਧਰ ਕੁਰਹਿਤ ਕਰ ਲਈ ਅਤੇ ਓਧਰੋਂ ਅੰਮ੍ਰਿਤ ਜਾ ਛਕਿਆ–ਫੇਰ ਸਿੱਖੀ ਕਾਇਮ ਦੀ ਕਾਇਮ?

ਜੇ ਤਾਂ ਗੁਰੂ ਸਾਹਿਬ ਜੀ ਨੇ ਸਿੱਖੀ ਦੇਣ ਲਗਿਆਂ ਸਿੱਖ ਦੀ ਮਰਜ਼ੀ ਪੁਛੀ ਹੁੰਦੀ ਤਾਂ ਸਿੱਖ ਦਾ ਜੋ ਜੀਅ ਕਰਦਾ, ਇਸ ਦੀ ਕੀਮਤ ਰਖ ਲੈਂਦਾ। ਪਰ ਸਿੱਖੀ ਦੇ ਮਾਲਕ ਨੇ ਆਪ ਹੀ ਇਸ ਦੀ ਕੀਮਤ 'ਸੀਸ' ਰਖ ਦਿਤੀ। ਇਹ ਹੈ ਭੀ ਤਾਂ ਠੀਕ ਹੀ। ਕਿਉਂਕਿ ਸਿੱਖੀ ਦਾ ਮਾਲਕ ਹੀ ਸਿੱਖੀ ਦੀ ਕੀਮਤ ਜਾਣਦਾ ਹੈ। ਜਿਸ ਦੀ ਵੱਥ ਹੈ ਓਹੋ ਹੀ ਇਸ ਦੀ ਕੀਮਤ ਜਾਣਦਾ ਹੈ।



www.AKJ.Org

ਇਸ ਤੋਂ ਸਾਨੂੰ ਇਹ ਸਮਝ ਆ ਜਾਣੀ ਚਾਹੀਦੀ ਹੈ ਕਿ ਸਿੱਖੀ ਕੇਵਲ ਇਕ ਵੇਰ ਹੀ ਪ੍ਰਾਪਤ ਕੀਤੀ ਜਾਣ ਵਾਲੀ ਵਸਤੂ ਹੈ, ਬਾਰ ਬਾਰ ਨਹੀਂ। ਇਹ ਅਤਿ ਦੀ ਮਹਿੰਗੀ ਜੂ ਹੋਈ। ਜਾਨ ਦੇ ਕੇ ਲਈ ਹੈ। ਇਸ ਲਈ ਜਾਨ ਨਾਲੋਂ ਪਿਆਰੀ ਸਮਝ ਕੇ ਇਸ ਦੀ ਹਿਫ਼ਾਜ਼ਤ ਕਰਨੀ ਚਾਹੀਦੀ ਹੈ।

ਹੁਣ ਅਸੀਂ ਆਪਣੇ ਅੰਦਰ ਝਾਤੀ ਮਾਰ ਕੇ ਵੇਖੀਏ ਕਿ ਅਸੀਂ ਸਿੱਖੀ ਮਾਰਗ ਤੇ ਕਿੱਥੇ ਖੜ੍ਹੇ ਹਾਂ। ਜੇ ਤਾਂ ਬੇ-ਸਮਝੀ ਦੇ ਕਾਰਨ ਅਸੀਂ ਸਿੱਖੀ ਮਾਰਗ ਤੇ ਨਹੀਂ ਚੱਲ ਰਹੇ ਤਾਂ ਤੇ ਪੰਜਾਂ ਪਿਆਰਿਆਂ ਦੇ ਪੇਸ਼ ਹੋ ਕੇ ਆਪਣਾ ਸੁਧਾਰ ਕਰਵਾ ਲੈਣਾ ਉਚਿਤ ਹੈ। ਪਰ ਜੇ ਆਪਣਾ ਸੁਧਾਰ ਕਰਾਉਣ ਦੇ ਰਸਤੇ ਵਿਚ ਸਾਡੀਆਂ ਘਰੇਗੀ ਜਾਂ ਸੋਸ਼ਲ ਮਜਬੂਰੀਆਂ ਅੜਿੱਚਣ ਪਾ ਰਹੀਆਂ ਹਨ ਤਾਂ ਫਿਰ ਕਿਸੇ ਨੂੰ ਕੀ ਦੋਸ਼ ? ਸਾਡੇ ਭਾਗ !

ਪਰ ਇਹ ਪੱਥਰ ਉੱਤੇ ਲੀਕ ਸਮਝੀਏ ਕਿ ਸਿੱਖੀ ਕੇਵਲ ਇਕ ਵੇਰ ਹੀ ਪ੍ਰਾਪਤ ਹੋ ਸਕਦੀ ਹੈ। ਸਿੱਖੀ ਉੱਤੇ ਕਾਇਮ ਰਹਿਣਾ ਸੂਲੀ ਉੱਤੇ ਖੇਡਣ ਵਾਲੀ ਗੱਲ ਹੈ। ਇਹ ਮਿਸਾਲ ਪੂਰੀ ਢੁੱਕਦੀ ਹੈ–

"ਸੂਰੀ ਊਪਰਿ ਖੇਲਨਾ ਗਿਰੇ ਤ ਠਾਹਰ ਨਾਹਿ" ॥੧੦੯॥ (ਪੰਨਾ ੧੩੭੦)

ਸਿੱਖੀ ਤੋਂ ਗਿਰਿਆ ਤਾਂ ਔਹ ਗਿਆ। ਹਾਂ, ਸਿੱਖੀ ਕਾਇਮ ਰਹੇਗੀ ਗੁਰੂ ਸਾਹਿਬ ਜੀ ਦੀ ਕਿਰਪਾ ਨਾਲ ਹੀ।

---

[ਸਫਾ ੧੨ ਦੀ ਬਾਕੀ]

ਕੀਤਾ ਜਾ ਸਕਦਾ, ਕੁਝ ਇਸੇ ਤਰ੍ਹਾਂ ਹੀ ਗੁਰੂ ਗੋਬਿੰਦ ਸਿੰਘ ਜੀ ਵਲੋਂ ਬਖਸ਼ੇ ਕਕਾਰ-ਜ਼ਬਤ ਦੀ ਪ੍ਰਮਾਣਿਕਤਾ ਤੇ ਸਾਰਥਿਕਤਾ ਬਾਰੇ ਕੋਈ ਸ਼ੱਕ ਨਹੀਂ ਕੀਤਾ ਜਾ ਸਕਦਾ। 'ਸਿੱਖ' ਨੂੰ ਅੰਮ੍ਰਿਤ ਛਕਾ ਕੇ, ਜਦੋਂ 'ਕਕਾਰ-ਸਰੂਪ' ਵਿਚ ਸਜਾਇਆ ਜਾਂਦਾ ਹੈ, ਤਾਂ ਉਸ ਦੇ ਅਚੇਤ ਤੇ ਸੁਚੇਤ ਮਨ ਨੂੰ, ਇਹ ਵਿਸ਼ਵਾਸ ਤੇ ਇਹ ਅਹਿਸਾਸ ਵੀ ਕਰਵਾ ਦਿੱਤਾ ਜਾਂਦਾ ਹੈ, ਕਿ 'ਕਕਾਰ-ਜ਼ਬਤ' ਜਿਥੇ ਖਾਲਸੇ ਦੇ ਸਰੀਰ ਦਾ ਸਦੀਵੀ ਅੰਗ ਹੈ, ਉਥੇ 'ਕਕਾਰ-ਜ਼ਬਤ' ਉਸ ਦੇ ਜੀਵਨ-ਵਿਹਾਰ ਦਾ ਵੀ ਵਿਸ਼ੇਸ਼ ਹਿੱਸਾ ਹੈ। 'ਕਕਾਰ-ਜ਼ਬਤ' ਨੇ ਹੀ ਤਾਂ ਖਾਲਸੇ ਦੇ 'ਆਤਮ-ਚਰਿੱਤਰ' ਨੂੰ ਸਥਿਰ ਰਖਣਾ ਹੈ, ਤੇ ਆਤਮਕ ਚਰਿੱਤਰ ਨੇ ਹੀ ਖਾਲਸੇ ਦੇ ਕਕਾਰ-ਜ਼ਬਤ ਦੀ ਸੁਰੱਖਿਆ ਕਰਨੀ ਹੈ। ਆਤਮ-ਚਰਿੱਤਰ ਤੇ ਕਕਾਰ-ਜ਼ਬਤ ਆਪਸ ਵਿਚ ਓਤ-ਪੋਤ ਹਨ। 'ਆਤਮ-ਚਰਿੱਤਰ' ਜੇ ਕਕਾਰ-ਜ਼ਬਤ ਦੀ ਸਾਰਥਿਕਤਾ ਨੂੰ ਪ੍ਰਗਟਾਂਦਾ ਹੈ, ਤਾਂ 'ਕਕਾਰ-ਜ਼ਬਤ' ਖਾਲਸੇ ਦੇ ਗੌਰਵ ਨੂੰ ਵਧਾਂਦਾ ਹੈ। ਇਸੇ ਕਰਕੇ ਸਿਰਜਨਾਤਮਿਕ-ਮੰਡਲ ਵਿਚੋਂ ਰਚੇ ਜਾਣ ਵਾਲੇ ਖਾਲਸੇ ਦੀ 'ਆਤਮਾ' ਨੂੰ ਪਹਿਲਾਂ ਬਾਣੀ-ਅੰਮ੍ਰਿਤ ਨਾਲ ਪ੍ਰਚੰਡ ਕੀਤਾ ਜਾਂਦਾ ਹੈ, ਫਿਰ ਖੰਡੇ ਨਾਲ ਤਿਆਰ ਕੀਤਾ 'ਅੰਮ੍ਰਿਤ' ਉਸ ਦੇ ਹਿਰਦੇ ਨੂੰ ਛਕਾ ਕੇ, ਉਸ ਨੂੰ ਲੋਹ ਪੁਰਸ਼ ਬਣਾ ਦਿੱਤਾ ਜਾਂਦਾ ਹੈ। ਫਿਰ ਕਕਾਰ-ਜ਼ਬਤ ਵਿਚ ਸਜਾ ਕੇ ਉਸ ਨੂੰ ਸਦੀਵੀ ਰੂਪ ਵਿਚ, ਇਕ 'ਅਨੁਭਵੀ-ਵਿਰਸੇ' ਦਾ ਪਹਿਰੇਦਾਰ ਠਹਿਰਾ ਦਿੱਤਾ ਜਾਂਦਾ ਹੈ।

ਸਿਰਜਨਾਤਮਿਕ-ਮੰਡਲ ਵਿਚੋਂ ਰਚੇ ਗਏ 'ਖਾਲਸੇ' ਦਾ ਕਰਤੱਵ ਸੱਚਮੁੱਚ ਹੀ ਇਕ 'ਪਹਿਰੇਦਾਰ' ਦਾ ਹੀ ਕਰਤੱਵ ਹੈ। ਉਸ ਨੇ ਆਪਣੇ ਆਤਮ-ਚਰਿੱਤਰ ਤੇ ਕਕਾਰ-ਜ਼ਬਤ ਉਤੇ ਵੀ ਪਹਿਰਾ ਦੇਣਾ ਹੈ, ਮਨੁੱਖਤਵ ਦੀ ਲੱਜ ਤੇ ਪਤਿ ਉਤੇ ਵੀ ਪਹਿਰਾ ਦੇਣਾ ਹੈ ਤੇ ਦੇਸ਼ ਦੇ ਸੀਮਾ, ਸਭਿਅਤਾ ਤੇ ਸੰਸਕ੍ਰਿਤੀ ਉਤੇ ਵੀ ਪਹਿਰਾ ਦੇਣਾ ਹੈ। ਖਾਲਸੇ ਦੇ ਪਿਛਲੇ ਪੌਣੇ ਤਿੰਨ ਸੌ ਸਾਲਾਂ ਦੇ ਕਰਤੱਵ ਨੂੰ ਜੇ ਇਤਿਹਾਸਕ ਦ੍ਰਿਸ਼ਟੀ ਤੋਂ ਵੇਖਿਆ ਜਾਵੇ, ਤਾਂ ਇਹ ਸਪੱਸ਼ਟ ਮੰਨਣਾ ਪਵੇਗਾ, ਕਿ 'ਖਾਲਸਾ' ਇਕ ਪਹਿਰੇਦਾਰ ਦੇ ਕਰਤੱਵ ਨੂੰ ਨਿਬਾਹੁਣ ਵਿਚ ਪੂਰੀ ਤਰ੍ਹਾਂ ਸਫਲ ਰਿਹਾ ਹੈ। 18ਵੀਂ ਸਦੀ ਦੇ ਸ਼ਹੀਦ ਇਸ ਕਰਤੱਵ-ਪੂਰਤੀ ਦਾ ਉਘਾ ਪ੍ਰਮਾਣ ਹਨ। 20ਵੀਂ ਸਦੀ ਵਿਚ ਹਿੰਦ ਤੇ ਪਾਕਿ ਵਿਚਕਾਰ ਹੋਈਆਂ ਜੰਗਾਂ ਵੀ ਇਸ 'ਤੱਥ' ਨੂੰ ਹੋਰ ਸਪੱਸ਼ਟ ਕਰ ਦੇਂਦੀਆਂ ਹਨ, ਕਿ ਸਿਰਜਨਾਤਮਿਕ-ਮੰਡਲ ਵਿਚੋਂ ਰਚਿਆ 'ਖਾਲਸਾ' ਜਿਥੇ ਜਿਥੇ ਵੀ ਬੈਠਾ ਹੈ, ਉਹ ਗੁਰੂ ਨਾਨਕ ਤੇ ਗੁਰੂ ਗੋਬਿੰਦ ਸਿੰਘ ਜੀ ਵਲੋਂ ਮਿਲੇ ਕਾਜ ਤੇ ਕਰਤੱਵ ਨੂੰ ਪੂਰੀ ਵਫ਼ਾਦਾਰੀ ਨਾਲ ਨਿਬਾਹ ਰਿਹਾ ਹੈ। ਜੇ 'ਖਾਲਸਾ' ਆਪਣੇ ਕਾਜ ਤੇ ਕਰਤੱਵ ਦੀ ਪੂਰਤੀ ਵਾਸਤੇ ਸਦਾ ਸੁਚੇਤ ਰਹੇ, ਤਾਂ ਦਸਮ ਪਾਤਿਸ਼ਾਹ ਦਾ ਆਪਣਾ ਵਿਸ਼ਵਾਸ ਹੈ, ਕਿ ਉਸ ਦੇ 'ਬੱਲ' ਤੇ 'ਤੇਜ' ਨੂੰ ਕੋਈ ਵੰਗਾਰ ਨਹੀਂ ਸਕਦਾ।



www.AKJ.Org

ਅਰਦਾਸ ਵਿਚ

# ਸਿੱਖਾਂ ਨੂੰ...ਕੇਸ ਦਾਨ

[ਡਾਕਟਰ ਜਸਵੰਤ ਸਿੰਘ ਜੀ ਨੇਕੀ]

ਕੇਸਾਂ ਦੀ ਧਰਮ ਦੇ ਇਤਿਹਾਸ ਵਿਚ ਵਿਸ਼ੇਸ਼ ਮਹਾਨਤਾ ਹੈ। ਇਹ ਉਹ ਪਹਿਰਨ ਹੈ, ਜਿਸ ਨਾਲ ਕੁਦਰਤ ਨੇ ਸਾਨੂੰ ਸਜਾਇਆ ਹੈ। ਜੰਮਦਿਆਂ ਹੀ ਇਹ ਪੋਸ਼ਾਕ ਪਰਮਾਤਮਾ ਨੇ ਸਾਨੂੰ ਪਹਿਨਾਈ। ਮਰਨ ਵੇਲੇ ਵੀ ਇਸ ਦਾ ਰੇਸ਼ਮੀ ਚੰਦੋਆ ਸਾਡੇ ਉਪਰ ਹੁੰਦਾ ਹੈ।

'ਕੇਸ' ਸ਼ਬਦ ਦਾ ਮੂਲ ਧਾਤੂ ਪਾਨਿਨੀ ਨੇ 'ਕਾਸ਼' ਦੱਸਿਆ ਹੈ, ਜਿਸ ਦਾ ਅਰਥ ਹੈ 'ਜੋਤੀ'। ਇਸ ਨਾਤੇ ਕੇਸ ਜੋਤੀ ਨੂੰ ਆਕਰਸ਼ਤ ਕਰਨ ਵਾਲੇ ਮੰਨੇ ਗਏ ਹਨ। ਯਜੁਰਵੇਦ ਅਨੁਸਾਰ "ਅਰੋਗਤਾ, ਤੇਜ ਤੇ ਬਲ ਵਧਾਉਣ ਲਈ ਕੇਸ ਹੋਣੇ ਜ਼ਰੂਰੀ ਹਨ।" ਅਥਰਵ ਵੇਦ ਅਨੁਸਾਰ "ਕੇਸ ਬੀਜੇ ਨਹੀਂ ਜਾਂਦੇ। ਇਹਨਾਂ ਨੂੰ ਪੁੱਟਣਾ ਜਾਂ ਕੱਟਣਾ ਵਾਜਬ ਨਹੀਂ। ਸਗੋਂ ਕੇਸ ਧਾਰਨ ਕਰ ਕੇ ਸ਼ਕਤੀ ਤੇ ਮਾਣ ਨੂੰ ਵਧਾਉਣਾ ਚਾਹੀਦਾ ਹੈ।[1] ਇਉਂ ਜਾਪਦਾ ਹੈ, ਕੇਸ ਭਾਰਤ ਦੀ ਅਧਿਆਤਮਕ ਸੰਸਕ੍ਰਿਤੀ ਦੇ ਚਿੰਨ੍ਹ ਸਨ। ਸਾਰੇ ਰਿਸ਼ੀ, ਸਾਰੇ ਅਵਤਾਰ ਕੇਸਾਧਾਰੀ ਸਨ। ਭੱਦਣ (ਮੁੰਡਨ) ਤਾਂ ਸੋਗ ਦੀ ਨਿਸ਼ਾਨੀ ਮੰਨਿਆ ਜਾਂਦਾ ਸੀ। ਮਹਾਤਮਾ ਬੁੱਧ ਵੀ ਜਦੋਂ ਸੰਸਾਰ ਤੋਂ ਉਪਰਾਮ ਹੋਏ ਤੇ ਰਾਜ-ਪਾਟ ਤਿਆਗ ਘਰੋਂ ਨਿਕਲ ਤੁਰੇ ਤਾਂ ਪਹਿਲਾਂ ਉਹਨਾਂ ਕੇਸ ਕਟਵਾ ਦਿੱਤੇ। ਪਰ, ਜਦ ਉਹ ਗਿਆਨ ਪ੍ਰਾਪਤ ਕਰ ਕੈ ਪਰਤੇ ਤਾਂ ਉਹਨਾਂ ਦੁਬਾਰੇ ਕੇਸ ਧਾਰਨ ਕਰ ਲਏ। ਇਸ ਨਾਤੇ ਕੇਸ ਗਿਆਨ ਦਾ ਸੰਕੇਤਕ ਹਨ।

ਕੇਵਲ ਭਾਰਤ ਵਿਚ ਹੀ ਨਹੀਂ, ਸਾਮੀ ਧਰਮਾਂ ਦੇ ਪੀਰ-ਪੈਗੰਬਰ ਵੀ ਸਾਰੇ ਕੇਸਾਧਾਰੀ ਹੀ ਸਨ। ਮੁਸਲਮਾਨਾਂ ਦੇ ਰਸੂਲ ਹਜ਼ਰਤ ਮੁਹੰਮਦ ਸਾਹਿਬ ਨੂੰ ਗੇਸੂ ਦਰਾਜ਼ (ਲੰਮੇ ਕੇਸਾਂ ਵਾਲੇ) ਨਾਮ ਨਾਲ ਵੀ ਯਾਦ ਕੀਤਾ ਜਾਂਦਾ ਹੈ। ਈਸਾਈ ਧਰਮ ਦੇ ਪੈਗੰਬਰ ਹਜ਼ਰਤ ਈਸਾ ਮਸੀਹ ਵੀ ਕੇਸਾਧਾਰੀ ਸਨ। ਅੱਜ ਵੀ ਅਧਿਆਤਮਕ ਪ੍ਰਾਪਤੀ ਵਾਲੇ ਬੰਦੇ ਸਹਿਜੇ ਹੀ ਕੇਸਾਧਾਰੀ ਹੋ ਜਾਂਦੇ ਹਨ।[2]

ਇਉਂ ਜਾਪਦਾ ਹੈ ਕੇਸ ਸਦਾ ਤੋਂ ਅਧਿਆਤਮਕਤਾ ਦਾ ਚਿੰਨ੍ਹ ਮਨੀਂਦੇ ਚਲੇ ਆਏ ਹਨ। ਇਥੋਂ ਤਕ ਕਿ ਇਕ ਸੰਕਲਪਨਾ ਅਨੁਸਾਰ ਈਸ਼ਵਰ ਆਪ ਕੇਸ਼ਵ (ਕੇਸਾਂ ਵਾਲਾ) ਹੈ।[3]

ਜੇਕਰ ਇਕ ਪਾਸੇ ਕੇਸ ਅਧਿਆਤਮਕਤਾ ਦਾ ਚਿੰਨ੍ਹ ਹਨ ਤਾਂ ਦੂਜੇ ਪਾਸੇ ਕੇਸ-ਦਾੜ੍ਹੀ ਮਰਦਊ ਦਾ, ਸੂਰਬੀਰਤਾ ਦਾ, ਨਿਰਭੈਤਾ ਦਾ ਵੀ ਚਿੰਨ੍ਹ ਹਨ। ਚੰਗੇ ਕੇਸ, ਸੁੰਦਰਤਾ, ਤੇਜ, ਸ਼ਕਤੀ ਤੇ ਸੁਆਸਥ ਦੇ ਪ੍ਰਤੀਕ ਮੰਨੇ ਗਏ ਹਨ। ਸਿੰਘਾਂ ਵਾਲਾ ਸੁਭਾ ਪੈਦਾ ਕਰਨ ਲਈ ਸਿੰਘਾਂ ਵਾਲਾ ਰੂਪ ਵੀ ਲਾਜ਼ਮੀ ਹੈ।

ਇਉਂ ਕੇਸ ਕੇਵਲ ਭਗਤੀ ਦੇ ਹੀ ਨਹੀਂ, ਸ਼ਕਤੀ ਦੇ ਵੀ ਉਚਿਤ ਪ੍ਰਤੀਕ ਹਨ। ਜਿਹੜੇ ਧਰਮ ਦਾ ਉੱਦੇਸ਼ ਸੰਤ-ਸਿਪਾਹੀਆਂ ਦੀ ਫ਼ੌਜ ਸਿਰਜਣ ਦਾ ਹੋਵੇ, ਉਸ ਲਈ ਸੁਭਾਵਕ ਸੀ ਕਿ ਕੇਸਾਂ ਦੀ ਆਦਿਮ-ਪ੍ਰਤਿਰੂਪਕ ਮਹੱਤਾ (archetypal significance) ਨਾਲ ਆਪਣਾ ਸੰਬੰਧ ਗੰਢੇ। ਇਸ ਦ੍ਰਿਸ਼ਟੀ ਤੋਂ ਸਿਖ ਧਰਮ ਵਿਚ ਕੇਸਾਂ ਦੀ ਮਹੱਤਾ ਦਾ ਪ੍ਰਵੇਸ਼ ਜ਼ਰੂਰੀ ਸੀ। ਗੁਰੂ ਨਾਨਕ ਸਾਹਿਬ ਦੇ ਵੇਲੇ ਤੋਂ ਹੀ ਕੇਸਾਂ ਦੇ ਸਤਿਕਾਰ ਦੀ ਪ੍ਰਥਾ ਸ਼ੁਰੂ ਹੋ ਗਈ। ਜਦੋਂ ਬਾਬੇ ਨੇ ਮਰਦਾਨੇ ਨੂੰ ਉਮਰ ਭਰ ਦਾ ਸਾਥੀ ਬਣਨ ਲਈ ਰਜ਼ਾਮੰਦ ਕੀਤਾ ਤਾਂ ਉਸ ਨੂੰ ਕਿਹਾ, "ਮਰਦਾਨਿਆ, ਇਹਨਾਂ ਤਿੰਨ ਗੱਲਾਂ ਨੂੰ ਪੱਲੇ ਬੰਨ੍ਹ ਲੈ: ਇਕ ਕੇਸ ਨਹੀਂ ਕਟਾਉਣੇ, ਦੂਜੇ ਅੰਮ੍ਰਿਤ ਵੇਲਾ ਨਹੀਂ ਖੁੰਝਾਉਣਾ, ਤੀਜਾ, ਆਏ ਸਾਧੂ-ਸੰਤਾਂ ਅਤਿਥੀਆਂ ਦੀ ਸੇਵਾ ਭਾਵਨੀ, ਪਿਆਰ ਨਾਲ ਕਰਨੀ।" ਜਾਪਦਾ ਹੈ, ਕੇਸ ਰਖਣ ਦਾ ਆਦੇਸ਼ ਤਾਂ ਗੁਰੂ ਨਾਨਕ ਸਾਹਿਬ ਦੇ ਵੇਲੇ ਤੋਂ ਹੀ ਹੋ ਗਿਆ ਸੀ। ਗੁਰੂ ਗੋਬਿੰਦ ਸਿੰਘ ਜੀ ਵੇਲੇ ਕੇਸ ਸਿੱਖੀ ਰਹਿਤ ਦਾ

1. ਅਥਰਵ ਵੇਦ : 19-32-2.
2. ਉਦਾਹਰਣ ਵਜੋਂ : ਅਰਵਿੰਦ ਘੋਸ਼, ਰਾਬਿੰਦਰ ਨਾਥ ਟੈਗੋਰ, ਭਗਵਾਨ ਦਾਸ, ਵਿਸ਼ਨੂ ਦਿਗੰਬਰ, ਵਿਨੋਬਾ ਭਾਵੇ, ਆਦਿ।
3. ਗੁਰਬਾਣੀ ਵਿਚ ਵੀ ਵਾਹਿਗੁਰੂ ਦਾ ਇਕ ਚਿਤ੍ਰ ਹੈ ਜਿਸ ਵਿਚ ਉਸ ਨੂੰ ਲੰਮੇ ਵਾਲਾਂ ਵਾਲਾ ਕਿਹਾ ਗਿਆ ਹੈ:
ਤੇਰੇ ਬੰਕੇ ਲੋਇਣ ਦੰਤ ਰੀਸਾਲਾ। ਸੋਹਣੇ ਨਕ ਜਿਨ ਲੰਮੜੇ ਵਾਲਾ। —ਵਡਹੰਸੁ ਛੰਤ ਮ: ੧ (567/੭)



www.AKJ.Org

ਜ਼ਰੂਰੀ ਭਾਗ ਬਣ ਗਏ, ਤੇ ਕੇਸਾਂ ਦੇ ਕਤਲ ਨੂੰ ਕੁਰਹਿਤ ਕਰਾਰ ਦਿਤਾ ਗਿਆ :

ਇਹ ਬੜੀ ਨਿਰਣਾ-ਜਨਕ ਗੱਲ ਹੈ, ਕਿਉਂਕਿ ਇਹ ਭੁਲੇਖਾ ਆਮ ਤੁਰਿਆ ਆਉਂਦਾ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਤੋਂ ਪਹਿਲਾਂ ਕੇਸ ਰਖਣ ਦਾ ਆਦੇਸ਼ ਕੋਈ ਨਹੀਂ ਸੀ। ਇਸ ਗੱਲ ਦਾ, ਕਿ ਇਹ ਆਦੇਸ਼ ਗੁਰੂ ਨਾਨਕ ਸਾਹਿਬ ਜੀ ਵੇਲੇ ਹੀ ਪ੍ਰਚਲਿਤ ਹੋ ਗਿਆ ਸੀ, ਹੋਰ ਵੀ ਸਬੂਤ ਹਨ। ਬੜੀਆਂ ਉਹਨਾਂ ਥਾਵਾਂ ਤੇ, ਜਿੱਥੇ ਗੁਰੂ ਨਾਨਕ ਦੇਵ ਜੀ ਦੀ ਲਾਈ ਸਿੱਖੀ ਦੇ ਬੂਟੇ ਅਜੇ ਕਾਇਮ ਹਨ, ਪਰ ਜਿਨ੍ਹਾਂ ਦਾ ਸੰਪਰਕ ਮਗਰਲੇ ਗੁਰੂ ਸਾਹਿਬਾਂ ਨਾਲ ਕਦੇ ਨਹੀਂ ਹੋਇਆ, ਗੁਰੂ ਨਾਨਕ ਨਾਮ ਲੇਵਾ ਜਟਾ ਜੂਟ ਕੇਸਾ ਧਾਰੀ ਹਨ।[1]

ਗੁਰਬਾਣੀ ਵਿਚ ਕੇਸ ਦਾੜ੍ਹੀ ਨੂੰ ਸੁੱਚੇ ਆਚਰਨ ਦੇ ਪ੍ਰਤੀਕ ਬਣਾਉਣ ਦਾ ਆਦੇਸ਼ ਹੈ :

ਮੁਖ ਸਚੇ ਸਚੁ ਦਾੜੀਆਂ ਸਚੁ ਬੋਲਹਿ ਸਚੁ ਕਮਾਹਿ। –ਸਲੋਕ ਮ: ੩, (1419/10)

ਗੁਰੂ ਅਰਜਨ ਦੇਵ ਜੀ ਨੇ 'ਸਾਬਤ ਸੂਰਤ' ਰਹਿਣ ਤੇ ਸਿਰ ਉਪਰ ਦਸਤਾਰ ਸਜਾਉਣ ਨੂੰ ਮਹਿਮਾ ਜੋਗ ਜਾਣਿਆ ਹੈ :

:. ਸਾਬਤ ਸੂਰਤਿ ਦਸਤਾਰ ਸਿਰਾ।[2] –ਮਾਰੂ ਸੋਲਹੇ ਮ: ੫, (1084/9)

ਇਉਂ ਕੇਸਾਂ ਦੀ ਮਹੱਤਾ ਸ਼ੁਰੂ ਤੋਂ ਲੈ ਕੇ ਹੀ ਚਲੀ ਆਉਂਦੀ ਸੀ।

ਕੇਸਾਂ ਉਪਰ ਆਕ੍ਰਮਣ ਵੀ ਗੁਰੂ ਸਾਹਿਬਾਂ ਦੇ ਹੁੰਦਿਆਂ ਹੀ ਸ਼ੁਰੂ ਹੋ ਗਿਆ ਸੀ। ਮੁਗਲ ਹਾਕਮਾਂ ਦੇ ਜੋ ਸਿਖ ਵੀ ਹੱਥ ਆਉਂਦਾ, ਉਸ ਨੂੰ ਮਾਰਨ ਤੋਂ ਪਹਿਲੋਂ ਉਸ ਦੇ ਕੇਸ ਕਤਲ ਕਰਨਾ ਲੋਚਦੇ ਸਨ। ਪਰ ਸਿਖ ਜਾਨ ਦੇ ਦੇਂਦੇ ਸਨ, ਕੇਸ ਨਹੀਂ ਦੇਂਦੇ ਸਨ। ਗੁਰੂ ਤੇਗ ਬਹਾਦਰ ਜੀ ਦੇ ਸਾਹਵੇਂ ਭਾਈ ਮਤੀ ਦਾਸ ਤੇ ਭਾਈ ਦਿਆਲੇ ਨੂੰ ਸ਼ਹੀਦ ਕਰ ਦਿਤਾ ਗਿਆ, ਉਨ੍ਹਾਂ ਸੀਸ ਦੇ ਦਿੱਤਾ, ਕੇਸਾਂ ਦੀ ਆਬਰੂ ਨਹੀਂ ਜਾਣ ਦਿੱਤੀ। ਸਿੱਖੀ ਸਿਦਕ ਕੇਸਾਂ ਸੁਆਸਾਂ ਨਾਲ ਨਿਭਾਉਂਦੇ ਸ਼ਹੀਦੀਆਂ ਪ੍ਰਾਪਤ ਕਰ ਗਏ।

ਜਾਪਦਾ ਹੈ, ਭਗਤੀ ਤੇ ਸ਼ਕਤੀ ਦਾ ਪ੍ਰਤੀਕ ਤਾਂ ਕੇਸ ਪਹਿਲੇ ਗੁਰੂ ਸਾਹਿਬਾਂ ਵੇਲੇ ਹੀ ਹੋ ਚੁਕੇ ਸਨ। ਗੁਰੂ ਗੋਬਿੰਦ ਸਿੰਘ ਜੀ ਨੇ ਇਨ੍ਹਾਂ ਨੂੰ ਅੰਮ੍ਰਿਤਧਾਰੀ ਸਿੱਖਾਂ ਦੀ *ਬਾਹਰੀ ਰਹਿਤ ਦਾ ਜ਼ਰੂਰੀ ਅੰਗ ਹੀ ਬਣਾ ਦਿੱਤਾ। ਸਾਡੇ ਰਹਿਤਨਾਮੇ ਇਸ ਤੱਥ ਦੀ ਸ਼ਾਹਦੀ ਭਰਦੇ ਹਨ। ਕੇਸਾਂ ਦੀ ਕਿਸੇ ਪ੍ਰਕਾਰ ਦੀ ਵੀ ਨਿਰਾਦਰੀ ਸਿੰਘਾਂ ਨੂੰ

---

1. ਮੇਜਰ ਜਗਤ ਸਿੰਘ ਜੀ ਆਪਣੇ ਟ੍ਰੈਕਟ 'ਕੇਸ ਮਹੱਤਾ' (ਪ੍ਰਕਾਸ਼ਕ : ਗੁਰੂ ਨਾਨਕ ਦੇਵ ਮਿਸ਼ਨ, ਪਟਿਆਲਾ) ਵਿਚ ਲਿਖਦੇ ਹਨ ਕਿ ਉਹ ਕੁਝ ਤਿਬਤੀਆਂ ਨੂੰ ਮਿਲੇ ਜੋ ਕੇਸਾਧਾਰੀ ਸਨ। ਉਨ੍ਹਾਂ ਪਾਸੋਂ ਮੇਜਰ ਸਾਹਿਬ ਨੇ ਪੁਛਿਆ, "ਤੁਸੀਂ ਲਾਮੇ ਹੁੰਦੇ ਹੋ ?" ਉਹਨਾਂ ਕਿਹਾ, "ਨਹੀਂ, ਅਸੀਂ ਰਿੰਮਪੋਚੇ ਗੁਰੂ ਦੇ ਸਿਖ ਹਾਂ।" ਰਿੰਮਪੋਚੇ ਗੁਰੂ ਨੂੰ ਉਹ ਭਦ੍ਰਾ ਗੁਰੂ (ਕਲਿਆਣਕਾਰੀ ਗੁਰੂ) ਵੀ ਕਹਿੰਦੇ ਸਨ। ਮੇਜਰ ਸਾਹਿਬ ਨੇ ਪੁਛਿਆ, "ਰਿੰਮਪੋਚੇ ਕਉਣ ਹੈ ?" ਤਾਂ ਉਹਨਾਂ ਕਿਹਾ, "ਉਹੀ, ਜਿਹੜਾ ਤੁਹਾਡਾ ਗੁਰੂ ਹੈ।" ਮੇਜਰ ਸਾਹਿਬ ਨੇ ਕਿਹਾ, "ਮੈਂ ਤਾਂ ਗੁਰੂ ਨਾਨਕ ਦੇਵ ਦਾ ਸਿਖ ਹਾਂ।" ਉੱਤਰ ਮਿਲਿਆ, "ਉਹੀ ਸਾਡਾ ਰਿੰਮਪੋਚੇ ਗੁਰੂ ਹੈ। ਅਸੀਂ ਸਤਿਕਾਰ ਵਜੋਂ ਉਹਨਾਂ ਦਾ ਨਾਮ ਨਹੀਂ ਲੈਂਦੇ ਤੇ ਰਿੰਮਪੋਚੇ ਕਹਿ ਕੇ ਯਾਦ ਕਰਦੇ ਹਾਂ।" ਮੇਜਰ ਸਾਹਿਬ ਨੇ ਪੁਛਿਆ, "ਤੁਸਾਂ ਕੇਸ ਕਿਉਂ ਰਖੇ ਹੋਏ ਹਨ ?" ਉਹਨਾਂ ਦਸਿਆ, "ਜਦ ਸੁਮੇਰ ਪਰਬਤ ਤੇ ਗੁਰੂ ਜੀ ਦੀ ਸਿੱਧਾਂ ਨਾਲ ਚਰਚਾ ਹੋਈ ਤੇ ਸਿੱਧ ਹਾਰ ਗਏ, ਤਾਂ ਸਾਡੇ ਵਡੇਰੇ, ਜੋ ਪਹਿਲੋਂ ਸਿੱਧਾਂ ਦੇ ਪੈਰੋਕਾਰ ਸਨ, ਉਹਨਾਂ ਨੂੰ ਛਡ ਕੇ ਗੁਰੂ ਜੀ ਦੇ ਸੇਵਕ ਜਾ ਬਣੇ। ਓਦੋਂ ਤੋਂ ਹੀ ਅਸੀਂ ਪੁਸ਼ਤ ਦਰ ਪੁਸ਼ਤ ਕੇਸਾਧਾਰੀ ਚਲੇ ਆ ਰਹੇ ਹਾਂ। ਸਾਨੂੰ ਇਹ ਰਿੰਮਪੋਚੇ ਗੁਰੂ ਦੀ ਦੇਣ ਹੈ।"

ਪਹਿਲੀ ਵਡੀ ਲਾਮ ਦੌਰਾਨ ਬਗਦਾਦ ਗਏ ਕੁਝ ਫ਼ੌਜੀਆਂ ਦੇ ਹਵਾਲੇ ਨਾਲ ਇਸੇ ਲੇਖਕ ਨੇ ਇਹ ਵੀ ਲਿਖਿਆ ਹੈ ਕਿ ਬਗ਼ਦਾਦ ਵਿਚ ਗੁਰੂ ਨਾਨਕ ਦੇਵ ਜੀ ਦੇ ਸਥਾਨ ਦਾ ਮੁਸਲਮਾਨ ਰਾਖਾ ਵੀ ਕੇਸ-ਦਾੜ੍ਹੀ ਵਾਲਾ ਸੀ ਤੇ ਉਹ ਦੱਸਦਾ ਸੀ ਕਿ ਕੇਸ ਗੁਰੂ ਸਾਹਿਬ ਦੇ ਆਦੇਸ਼ ਅਨੁਸਾਰ ਉਸ ਦੇ ਬਜ਼ੁਰਗਾਂ ਨੇ ਧਾਰਨ ਕੀਤੇ ਸਨ।

2. ਗੋਸ਼ਟ ਵਿਚ ਵੀ ਆਉਂਦਾ ਹੈ : ਸਾਬਤ ਸੂਰਤ ਰੱਬ ਦੀ ਭੰਨੇ ਬੇਈਮਾਨ।

* ਕੇਸ ਸਰੀਰ ਦਾ ਅੰਗ ਹਨ। ਜੇ ਕੇਸ ਨਹੀਂ ਤਾਂ ਸਿਖ ਸਿੱਖੀ ਤੋਂ ਖ਼ਾਰਜ–ਪਤਿਤ।
ਕੇਸਾਂ ਦੀ ਬੇਅਦਬੀ ਚਾਰ ਬੱਜਰ ਕੁਰਹਿਤਾਂ ਵਿਚ ਸ਼ਾਮਲ ਹੈ। [ਸੰਪਾਦਕ



www.AKJ.Org

ਅਪ੍ਰਵਾਨ ਹੋਣ ਲੱਗੀ ।[1]

ਕੇਸਾਂ ਦੀ ਰਹਿਤ ਮੁਤਾਬਕ ਸਿਖ ਪਰਿਭਾਸ਼ਾ ਵਿਚ ਕੁਝ ਨਵੇਂ ਸੰਕੇਤਕ ਸ਼ਬਦ ਵਰਤੀਣ ਲਗੇ । ਜਿਨ੍ਹਾਂ ਨੇ ਅਜੇ ਕੇਸ ਧਾਰਨ ਨਹੀਂ ਸਨ ਕੀਤੇ, ਪਰ ਸਿੱਖੀ ਧਾਰਨ ਕਰ ਲਈ ਸੀ, ਤੇ ਆਪਣੇ ਆਪ ਨੂੰ ਅੰਮ੍ਰਿਤਧਾਰੀ ਹੋਣ ਲਈ ਤਿਆਰ ਕਰ ਰਹੇ ਸਨ, ਉਨ੍ਹਾਂ ਨੂੰ ਸਹਿਜਧਾਰੀ ਸਿਖ ਆਖਿਆ ਜਾਣ ਲਗਾ । ਜੋ ਪ੍ਰਾਣੀ ਇਸ ਤਿਆਰੀ ਵਿਚ ਕੇਸਾ-ਧਾਰੀ ਵੀ ਹੋ ਗਏ ਸਨ, ਪਰ ਅਜੇ ਅੰਮ੍ਰਿਤਧਾਰੀ ਨਹੀਂ ਸਨ ਹੋਏ, ਉਹ ਵੀ ਸਹਿਜਧਾਰੀ ਹੀ ਸਨ ।[2] ਪਰ, ਜੋ ਅੰਮ੍ਰਿਤ ਪਾਨ ਕਰ ਕੇ ਰਹਿਤਵਾਨ ਹੋ ਗਏ ਉਹ ਅੰਮ੍ਰਿਤਧਾਰੀ ਸਿਖ ਹੋਏ । ਜੋ ਅੰਮ੍ਰਿਤ ਪਾਨ ਕਰ ਕੇ ਫਿਰ ਕੇਸਾਂ ਦੀ ਬੇਅਦਬੀ ਕਰ ਬੈਠੇ, ਉਨ੍ਹਾਂ ਨੂੰ 'ਪਤਿਤ' ਕਿਹਾ ਜਾਣ ਲਗਾ । ਪਰ, ਜਿਨ੍ਹਾਂ ਵੇਖੋ ਵੇਖੀ ਕੇਸ ਤਾਂ ਰੱਖ ਲਏ, ਪਰ ਅੰਮ੍ਰਿਤ ਪਾਨ ਕਰਨ ਦਾ ਸੰਕਲਪ ਨਹੀਂ ਬਣਾਇਆ, ਉਹ ਭੇਖੀ ਸਿਖ ਗਿਣੇ ਜਾਣ ਲਗੇ :[2]

ਧਰਹਿ ਕੇਸ ਪਾਹੁਲ ਬਿਨਾ ਭੇਖੀ ਮੂੜ੍ਹਾ ਸਿਖ ।[3] —ਰਹਿਤ ਨਾਮਾ ਭਾਈ ਸਾਹਿਬ ਸਿੰਘ ।

ਜੇਕਰ ਕੇਸਾਧਾਰੀ ਸਿਖ ਕੁਰਹਿਤੀਆ ਹੋ ਜਾਵੇ ਤਾਂ ਸੋਭਾਹੀਨ ਸਮਝਿਆ ਜਾਂਦਾ ਸੀ :

ਤਿਮ ਕੁਰਹਿਤੀਏ ਕੇਸ ਰਖਾਏ । ਕਹਹੁ ਸੁ ਕੈਸੇ ਸੋਭਾ ਪਾਏ ? —ਰਹਿਤਨਾਮਾ ਭਾ: ਦੇਸਾ ਸਿੰਘ ।

ਬੜੀ ਜਲਦੀ ਇਹ ਪ੍ਰਤੱਖ ਹੋਣ ਲਗ ਪਿਆ ਕਿ ਇਹ ਧਰਮ ਲੁਕ ਛੁਪ ਕੇ ਨਹੀਂ ਜੀਵਿਆ ਜਾ ਸਕਦਾ । ਕੇਸ ਖ਼ਾਲਸੇ ਦਾ 'ਨੀਸਾਣ' ਹੋ ਗਏ । "ਜੋ ਲੱਖ ਹਿੰਦੂ ਅਤੇ ਲੱਖ ਮੁਸਲਮਾਨ ਹੋਵਨਿ ਤਾਂ ਭੀ ਸਿਖੁ ਵਿਚ ਛਪਦਾ ਨਹੀਂ । ਕਿਉਂ ਜੋ ਹੱਛਾ ਦਾਹੜਾ ਸਿਰ ਤੇ ਕੇਸ, ਸੋ ਕਿਥੋਂ ਛਪੈ ।" (ਸਾਖੀ ਰਹਿਤ ਕੀ ਭਾਈ ਨੰਦ ਲਾਲ)। ਕੇਸ, 'ਗੁਰੂ ਕੀ ਮੁਹਰ' ਤੇ ਸਿੱਖੀ ਸਿਦਕ ਦਾ ਐਲਾਨ ਵੀ ਹੋ ਗਏ ਤੇ ਸਿੱਖਾਂ ਦੀ ਸ਼ਨਾਖ਼ਤ ਵੀ । ਕਿਉਂਕਿ ਸਿਖ ਛੁਪ ਨਹੀਂ ਸੀ ਸਕਦਾ, ਸੋ ਕੇਸਾਂ ਵਾਲਿਆਂ ਦੀ ਆਚਰਣਕ ਜ਼ਿੰਮੇਵਾਰੀ ਵੱਧ ਗਈ । ਉਨ੍ਹਾਂ ਉਤੇ ਕੇਸ ਦਾੜ੍ਹੀ ਦੀ ਲਾਜ ਰਖਣ ਦੀ ਜ਼ਿੰਮੇਵਾਰੀ ਵੀ ਪੈ ਗਈ । ਇਉਂ ਕੇਸਾਂ ਦੀ ਦਾਤ ਸਾਡੇ ਆਚਰਣ ਦਾ ਝੂਲਦਾ ਨਿਸ਼ਾਨ ਬਣ ਗਈ ।

ਕੇਸ, ਇਕ ਤਰ੍ਹਾਂ ਨਾਲ, ਆਪਣੇ ਮੁਰਸ਼ਦ ਦਾ ਐਲਾਨ ਵੀ ਹੋ ਗਏ । ਕੇਸਾਂ ਵਾਲਿਆਂ ਨੂੰ ਮਰ੍ਹਾਲੇ ਗੁਰੂ ਦਾ ਸਿੱਖ ਕਿਹਾ ਜਾਣ ਲਗਾ । ਦਾੜ੍ਹੀ ਕੇਸ ਤੋਂ ਮੁਨਕਰ ਹੋ ਕੇ ਸਿਖ ਆਪਣੇ ਗੁਰੂ ਨੂੰ ਗੋਪਦਾ (ਲੁਕਾਉਂਦਾ) ਹੈ । ਪਰ ਗੁਰਮਤਿ ਅਨੁਸਾਰ ਤਾਂ

ਜੋ ਗੁਰੁ ਗੋਪੇ ਆਪਣਾ ਸੁ ਭਲਾ ਨਾਹੀ ਸੰਤਹੁ...। —ਗਉੜੀ ਵਾਰ, ਮ: ੪, (304/1)

ਦਰ-ਅਸਲ ਮੁਗ਼ਲਾਂ ਵੇਲੇ ਤਾਂ ਇਹ ਸਰਕਾਰੀ ਹੁਕਮ ਹੋ ਗਿਆ ਸੀ, ਕਿ ਸਿਵਾਏ ਹਾਜੀਆਂ ਦੇ ਕੋਈ ਦਾੜ੍ਹੀ ਨ ਰਖੇ । ਸਿੱਖਾਂ ਨੂੰ ਦਾੜ੍ਹੀ ਕੇਸ ਵਾਲਾ ਬਣਾ ਕੇ ਸਤਿਗੁਰਾਂ ਇਕ ਤਰ੍ਹਾਂ ਰਹਿਤ ਦੀ ਆਜ਼ਾਦੀ ਦਾ ਐਲਾਨ ਕੀਤਾ । ਇਹ ਐਲਾਨ ਵੀ ਓਡਾ ਹੀ ਮਹੱਤਵ ਪੂਰਨ ਸੀ ਜੇਡਾ ਗੁਰੂ ਤੇਗ਼ ਬਹਾਦਰ ਜੀ ਦਾ ਐਲਾਨ, ਕਿ ਹਰ ਇਕ ਨੂੰ ਆਪਣੀ ਮਰਜ਼ੀ ਅਨੁਸਾਰ ਆਪਣਾ ਧਰਮ ਗ੍ਰਹਿਣ ਕਰਨ ਦਾ ਹੱਕ ਹੈ । ਪੂਜਾ ਦੀ ਆਜ਼ਾਦੀ ਗੁਰੂ ਤੇਗ਼ ਬਹਾਦਰ ਜੀ ਦੀ ਦਾਤ ਹੈ[4], ਰਹਿਤ ਦੀ ਆਜ਼ਾਦੀ ਗੁਰੂ ਗੋਬਿੰਦ ਸਿੰਘ ਜੀ ਦੀ । ਕੇਸ, ਜੋ ਹੁਣ ਤਕ ਭਗਤੀ ਤੇ ਸ਼ਕਤੀ ਦਾ ਚਿੰਨ੍ਹ

1. ਨੰਗੇ ਕੇਸੀ ਫਿਰੇ, ਰਵਾਲ ਪਾਏ, ਸੋ ਤਨਖ਼ਾਹੀਆ । ਨੰਗੇ ਕੇਸੀ ਮਾਰਗ ਟੁਰੇ, ਸੋ ਤਨਖ਼ਾਹੀਆ । ਕੇਸਾਂ ਨੂੰ ਮੰਦਾ ਹੱਥ ਲਾਏ, ਸੋ ਤਨਖ਼ਾਹੀਆ ।...ਜੋ ਸਿਖ ਦੀ ਆਪੇ ਪੱਗ ਉਤਰੇ ਸੋ ਭੀ ਤਨਖ਼ਾਹੀਆ । —ਰਹਿਤਨਾਮਾ ਭਾ: ਚਉਪਾ ਸਿੰਘ ।
2. ਅਸਲ ਭੇਦ ਅੰਮ੍ਰਿਤਧਾਰੀ ਤੇ ਸਹਿਜਧਾਰੀ ਵਿਚਾਲੇ ਹੈ, ਕੇਸ਼ਾਧਾਰੀ ਤੇ ਸਹਿਜਧਾਰੀ ਵਿਚਾਲੇ ਨਹੀਂ । ਜੋ ਕੇਸਾਧਾਰੀ ਹੈ, ਪਰ ਅੰਮ੍ਰਿਤਧਾਰੀ ਨਹੀਂ, ਜੇ ਉਹ ਅੰਮ੍ਰਿਤ ਦੀ ਰਹਿਤ ਵਾਸਤੇ ਆਪਣੇ ਆਪ ਨੂੰ ਤਿਆਰ ਕਰ ਰਿਹਾ ਹੈ ਤਾਂ ਸਹਿਜਧਾਰੀ ਹੈ, ਨਹੀਂ ਤਾਂ ਭੇਖੀ ਸਿੱਖ ਹੈ ।
3. ਐਸੇ ਭੇਖੀ ਸਿੱਖਾਂ ਦੇ ਵਿਖਾਲੇ ਦੇ ਕੇਸਾਂ ਬਾਰੇ ਗੁਰੂ ਗੋਬਿੰਦ ਸਿੰਘ ਜੀ ਨੇ ਕਿਹਾ ਹੈ :
'ਕੇਸ ਧਰੇ ਨ ਮਿਲੇ ਹਰਿ ਪਿਆਰੇ ।' (ਅਕਾਲ ਉਸਤਤਿ ੫-੨੫੨)
4. ਗੁਰੂ ਤੇਗ਼ ਬਹਾਦਰ ਜੀ ਦੀ ਸ਼ਹਾਦਤ ਧਰਮ ਦੀ ਆਜ਼ਾਦੀ ਲਈ ਇਕ ਅਦੁਤੀ ਸ਼ਹਾਦਤ ਹੈ । ਨ ਉਨ੍ਹਾਂ ਤੋਂ ਪਹਿਲਾਂ ਕੋਈ ਐਸੀ ਸ਼ਹਾਦਤ ਹੋਈ ਨ ਉਨ੍ਹਾਂ ਤੋਂ ਮਗਰੋਂ । ਇਸ ਨਾਤੇ ਗੁਰੂ ਗੋਬਿੰਦ ਸਿੰਘ ਜੀ ਦਾ ਵਾਕ ਕਿ :
ਤੇਗ਼ ਬਹਾਦਰ ਸੀ ਕ੍ਰਿਆ ਕਰੀ ਨ ਕਿਨਹੂੰ ਆਨ । —ਬਚਿਤ੍ਰ ਨਾਟਕ ੫-੧੫-੨ ਇਕ ਅਕੱਟ ਸਚਾਈ ਹੈ ।


www.AKJ.Org

ਸਨ, ਆਜ਼ਾਦੀ ਦਾ ਚਿੰਨ੍ਹ ਵੀ ਹੋ ਗਏ।

ਕੋਈ ਵੀ ਸਰਕਾਰ ਆਪਣੀ ਪ੍ਰਜਾ ਅੰਦਰ ਆਜ਼ਾਦੀ ਦਾ ਜਜ਼ਬਾ ਉਭਰਦਾ ਬਰਦਾਸ਼ਤ ਨਹੀਂ ਕਰ ਸਕਦੀ। ਉਸ ਨੂੰ ਇਸ ਵਿਚੋਂ ਵਿਦ੍ਰੋਹ ਦੀ ਬੂ ਆਉਣ ਲਗ ਜਾਂਦੀ ਹੈ। ਇਹੋ ਕਾਰਨ ਹੈ ਕਿ ਜਦ ਕੇਸ ਪੰਥ ਦੀ ਆਜ਼ਾਦ ਹਸਤੀ ਦਾ ਚਿੰਨ੍ਹ ਬਣ ਗਏ ਤਾਂ ਸਰਕਾਰ ਨੂੰ ਖਟਕਣ ਲਗਾ। ਤਦ ਤੋਂ ਜਾਪਦਾ ਹੈ, ਇਹ ਹਰ ਸਰਕਾਰ ਨੂੰ ਖਟਕਦੇ ਆਏ ਹਨ।

ਸਭ ਤੋਂ ਪਹਿਲਾਂ ਇਹ ਮੁਗ਼ਲਾਂ ਨੂੰ ਖਟਕੇ। ਉਨ੍ਹਾਂ ਕੇਵਲ ਦਾੜ੍ਹੀ ਕੇਸ ਰਖਣ ਦੀ ਸਰਕਾਰੀ ਤੌਰ ਤੇ ਮਨਾਹੀ ਹੀ ਨਹੀਂ ਸੀ ਕੀਤੀ, ਕੇਸਾਂ ਵਾਲਿਆਂ ਦੇ ਸਿਰ ਉਤਾਰਨ ਦੀ ਮੁਹਿੰਮ ਵੀ ਜਾਰੀ ਕੀਤੀ ਸੀ। ਸਿੱਖਾਂ ਦੇ ਸਿਰਾਂ ਤੇ ਇਨਾਮ ਲਾਏ ਗਏ। ਲੋਕਾਂ ਸਿੱਖਾਂ ਦੇ ਸਿਰਾਂ ਦੀਆਂ ਕੀਮਤਾਂ ਵੱਟੀਆਂ। ਸਿੱਖਾਂ ਵੀ ਸਿਰ ਦੇ ਦਿੱਤੇ, ਪਰ ਕੇਸ ਨ ਦਿੱਤੇ। ਕੇਸ ਸਿੱਖੀ ਸਿਦਕ ਦਾ ਚਿੰਨ੍ਹ ਹੋ ਗਏ। ਅਰਦਾਸ ਵਿਚ, ਜਿੱਥੇ, ਕੇਸਾਂ ਦੇ ਦਾਨ ਦੀ ਯਾਚਨਾ ਹੋਣ ਲਗੀ, ਉਥੇ ਇਹ ਬੇਨਤੀ ਵੀ ਅਰਦਾਸ ਦਾ ਅੰਗ ਹੋ ਗਈ ਕਿ 'ਸਿੱਖੀ ਕੇਸਾਂ ਸੁਆਸਾਂ ਸੰਗ ਨਿਭੇ।'

ਅਬਦਾਲੀ ਨੇ ਫੂਲਕੀਆਂ ਮਿਸਲ ਦੇ ਆਗੂ ਸਰਦਾਰ ਆਲਾ ਸਿੰਘ ਨੂੰ ਗ੍ਰਿਫ਼ਤਾਰ ਕਰ ਲਿਆ ਤੇ ਉਸ ਦੇ ਕੇਸ ਕਤਲ ਕਰਨ ਦਾ ਹੁਕਮ ਕਰ ਦਿਤਾ। ਸਰਦਾਰ ਆਲਾ ਸਿੰਘ ਦੀ ਪਤਨੀ ਨੇ ਇਕ ਲੱਖ ਰੁਪਿਆ ਅਬਦਾਲੀ ਨੂੰ ਦੇ ਕੇ ਉਨ੍ਹਾਂ ਦੇ ਕੇਸ ਬਚਾਏ। ਕੇਸ ਇਕ ਸਿਖ ਲਈ ਸਭ ਤੋਂ ਵੱਡੀ ਦੌਲਤ ਸੀ। ਜਦੋਂ ਜਾਨ-ਬਖ਼ਸ਼ੀ ਦੀ ਸ਼ਰਤ ਕੇਸ ਕਟਾਉਣੇ ਹੋ ਗਏ ਸਨ, ਓਦੋਂ ਵੀ ਅਣਖੀ ਸਿੱਖਾਂ ਜਾਨ ਦੇਣੀ ਪਰਵਾਨ ਕੀਤੀ, ਕੇਸ ਦੇਣੇ ਨਹੀਂ। ਇਉਂ ਕੇਸ ਸਿੱਖੀ ਅਣਖ ਦਾ ਚਿੰਨ੍ਹ ਵੀ ਹੋ ਗਏ। ਕੇਸਾਂ ਵਾਲੇ ਸਿੰਘਾਂ ਨੂੰ 'ਸਿਰਦਾਰ ਸਾਹਿਬ' ਕਿਹਾ ਜਾਣ ਲਗਾ।

ਅੰਗਰੇਜ਼ ਵੀ ਪਹਿਲੋਂ ਪਹਿਲ ਸਿੱਖਾਂ ਦੇ ਵਿਰੁੱਧ ਸਨ। ਪੰਜਾਬ ਦੀਆਂ ਲੜਾਈਆਂ ਵਿਚ ਸਿੱਖ ਹਾਰ ਭਾਵੇਂ ਗਏ ਸਨ, ਪਰ ਅੰਗਰੇਜ਼ਾਂ ਦੇ ਦੰਦ ਉਨ੍ਹਾਂ ਬੁਰੀ ਤਰ੍ਹਾਂ ਖੱਟੇ ਕੀਤੇ ਸਨ। ਇਸ ਲਈ ਉਹ ਵੀ ਸਿੰਘਾਂ ਨੂੰ ਖ਼ਤਮ ਕਰਨਾ ਚਾਹੁੰਦੇ ਸਨ। ਉਨ੍ਹਾਂ ਵੀ ਵੱਡੇ ਵੱਡੇ ਸਿੱਖਾਂ ਨੂੰ ਈਸਾਈ ਬਣਾ ਕੇ ਸਿੱਖਾਂ ਨੂੰ ਆਪਣੇ ਧਰਮ ਤੋਂ ਬੇਮੁਖ ਕਰਨ ਦਾ ਜਤਨ ਕੀਤਾ। ਨਾਬਾਲਗ਼ ਮਹਾਰਾਜਾ ਦਲੀਪ ਸਿੰਘ ਨੂੰ ਕੇਸਹੀਣ ਕਰਨ ਹਿਤ ਸਰਕਾਰੀ ਸਪੁਰਦਦਾਰੀ ਅੰਦਰ ਵਲਾਇਤ ਭੇਜ ਦਿੱਤਾ।[1] ਇਹ ਤਾਂ ਮਗਰੋਂ ਜਾ ਕੇ ਅੰਗਰੇਜ਼ ਨੂੰ ਇਹਸਾਸ ਹੋਇਆ ਕਿ ਸਿਖ ਬੜਾ ਸੂਰਬੀਰ ਫ਼ੌਜੀ ਹੈ, ਪਰ ਉਸ ਦੀ ਸੂਰਬੀਰਤਾ ਦਾ ਰਾਜ਼ ਬੜੀ ਹੱਦ ਤਕ ਉਸ ਦੇ ਕੇਸਾਧਾਰੀ ਹੋਣ ਵਿਚ ਹੈ। ਤਦ ਉਸ ਨੇ ਇਕ ਸਰਕਾਰੀ ਹੁਕਮ ਰਾਹੀਂ ਸਿਖ ਸਰਕਾਰੀ ਕਰਮਚਾਰੀਆਂ ਨੂੰ ਦਾੜ੍ਹੀ ਕੇਸਾਂ ਦੀ ਬੇਅਦਬੀ ਤੋਂ ਵਰਜ ਦਿੱਤਾ।

ਆਜ਼ਾਦ ਹਿੰਦ ਵਿਚ ਵੀ ਕੇਸਾਂ ਵਾਲਿਆਂ ਤੇ ਆਕ੍ਰਮਣ ਹੋਇਆ, ਜੋ 1984 ਵਿਚ ਪ੍ਰਤੱਖ ਰੂਪ ਵਿਚ ਪ੍ਰਗਟ ਹੋਇਆ। ਫਿਰ ਤੋਂ ਸਿੱਖਾਂ ਅੰਦਰ ਘਲੂਘਾਰਿਆਂ ਦੀ ਯਾਦ ਤਾਜ਼ਾ ਹੋ ਗਈ। ਫਿਰ ਤੋਂ ਸਿਖਾਂ ਨੂੰ ਇਹਸਾਸ ਹੋਣ ਲਗਾ ਕਿ ਕੇਸ ਉਨ੍ਹਾਂ ਦੀ ਕੌਮੀ ਅਣਖ ਦਾ ਚਿੰਨ੍ਹ ਹਨ। ਕੇਸਾਂ ਦੀ ਬੇਅਦਬੀ ਕਰਨ ਵਾਲਾ, ਮੁੜ, ਸਮੁੱਚੇ ਪੰਥ ਨੂੰ ਬਦਨਾਮ ਕਰਦਾ ਪ੍ਰਤੀਤ ਹੋਣ ਲਗਾ। ਅਨੇਕਾਂ ਕੱਚੇ ਪਿਲਿਆਂ ਨੇ ਕੇਸ ਕਤਲ ਕਰਵਾ ਲਏ। ਇਕ ਵਾਰ ਫਿਰ 'ਖੋਟ' ਨਿਕਲ ਗਿਆ। ਪਰ ਬੇਅੰਤ ਸਿਦਕਵਾਨ ਆਪਣੇ ਸਿਦਕ ਤੇ ਕਾਇਮ ਰਹਿੰਦੇ ਸ਼ਹੀਦੀਆਂ ਪਾ ਗਏ। ਬੜਿਆਂ ਦੀ ਅਣਖ ਨੂੰ ਨਵੀਂ ਵੰਗਾਰ ਵੱਜੀ ਤੇ ਉਹਨਾਂ ਕੌਮ ਦੇ ਵਕਾਰ ਨੂੰ ਬਹਾਲ ਕਰਨ ਦਾ ਪ੍ਰੰਣ ਲਿਆ।

ਇਉਂ ਸਿਖ ਕੌਮ ਦਾ ਇਤਿਹਾਸ, ਆਜ਼ਾਦੀ ਦੀ ਜਦੋਜਿਹਦ ਦਾ ਅਵਿਰਲ ਇਤਿਹਾਸ ਹੈ। ਇਸ ਜਦੋਜਹਦ ਵਿਚ ਉਨ੍ਹਾਂ ਦਾ ਸ਼ਨਾਖ਼ਤੀ ਕੌਮੀ ਚਿੰਨ੍ਹ, ਉਨ੍ਹਾਂ ਦੀ ਆਜ਼ਾਦੀ ਦੀ ਲਾਲਸਾ ਦੇ ਪ੍ਰਤੀਕ ਹੋ ਗਏ। ਸੁਭਾਵਕ ਸੀ ਕਿ ਸਿਖ ਆਪਣੀ ਅਰਦਾਸ ਵਿਚ 'ਕੇਸ ਦਾਨ' ਲਈ ਵੀ ਯਾਚਨਾ ਕਰਨ ਲਗੇ।

---

1. ਜਦ ਮਹਾਰਾਜਾ ਵੱਡਾ ਹੋਇਆ ਤੇ ਉਸ ਦਾ ਸਿੱਖੀ ਗੌਰਵ ਜਾਗਿਆ ਤਾਂ ਉਹ ਵਾਪਸ ਆਪਣੇ ਦੇਸ ਪਰਤਣਾ ਚਾਹੁੰਦਾ ਸੀ। ਪਰ ਦੇਸ ਪਰਤਣ ਦਾ ਉਸ ਦਾ ਅਰਮਾਨ ਅੰਗਰੇਜ਼ ਨੇ ਕਦੇ ਪੂਰਾ ਨ ਹੋਣ ਦਿੱਤਾ। ਉਸ ਕੇਸ ਵੀ ਰਖ ਲਏ ਸਨ ਤੇ ਅੰਮ੍ਰਿਤ ਵੀ ਛਕ ਲਿਆ ਸੀ।



www.AKJ.Org

# ਭਗਤੀ ਤੇ ਤਲਵਾਰ ਦਾ ਮੇਲ

[ਪ੍ਰੋਫੈਸਰ ਸਾਹਿਬ ਸਿੰਘ ਜੀ, ਡੀ.ਲਿਟ]

ਰਾਜ-ਜੋਗ ਕਮਾਣ ਵਾਲੇ ਬੰਦੇ ਸੰਸਾਰ ਵਿਚ ਸਦਾ ਵਿਰਲੇ ਹੋਇਆ ਕਰਦੇ ਹਨ। ਸਧਾਰਨ ਤੌਰ ਤੇ ਐਸ਼ਵਰਜ, ਅਹੰਕਾਰ ਪੈਦਾ ਕਰਦਾ ਹੈ, ਤੇ ਅਹੰਕਾਰ ਦੇ ਵੱਸ ਹੋਇਆ ਮਨੁਖ ਆਪਣੇ ਵਲੋਂ ਕਮਜ਼ੋਰਾਂ ਉਤੇ ਵਧੀਕੀ ਕਰਨੋਂ ਰਹਿ ਨਹੀਂ ਸਕਦਾ। ਸੋ, ਤਕੜੇ ਤੇ ਮਾੜੇ ਦਾ ਯਰਾਨਾ ਕਦੇ ਨਿਭ ਨਹੀਂ ਸਕਦਾ। ਗੁਰਮਤਿ ਵਿਚ ਗ਼ਰੀਬੀ ਤੇ ਨਿਮਰਤਾ ਨੂੰ ਬੜਾ ਉੱਚਾ ਦਰਜਾ ਮਿਲਿਆ ਹੋਇਆ ਹੈ :

ਹਉ ਤਿਸੁ ਘੋਲਿ ਘੁਮਾਇਆ ਗੁਰਮਤਿ ਰਿਦੈ ਗਰੀਬੀ ਆਵੈ ॥ –ਭਾਈ ਗੁਰਦਾਸ ਜੀ ੪/੧੨

ਪਰ ਕੋਈ ਮਾੜਾ ਕੁੱਤਾ ਜੇ ਕਦੇ ਤਕੜੇ ਕੁੱਤਿਆਂ ਦੇ ਵਸ ਪੈ ਜਾਏ ਤਾਂ ਉਹ ਵਿਚਾਰਾ ਜੀ-ਭਿਆਣਾ ਆਪਣੀ ਪੂਛਲ ਪਿਛਲੀਆਂ ਟੰਗਾਂ ਵਿਚ ਦੇ ਕੇ ਲਿਫ ਜਾਂਦਾ ਹੈ, ਤੇ ਨਿੱਕੀਆਂ ਨਿੱਕੀਆਂ ਦੰਦੀਆਂ ਕਢ ਕੇ ਤਰਲੇ ਜਿਹੇ ਲੈਂਦਾ ਹੈ। ਦੂਜੇ ਕੁੱਤੇ ਸਮਝ ਲੈਂਦੇ ਹਨ ਕਿ ਇਹ ਸਾਡੀ ਸ਼ਰਨ ਆ ਗਿਆ ਹੈ, ਉਸ ਉਤੇ ਵਾਰ ਕਰਨੋਂ ਹਟ ਜਾਂਦੇ ਹਨ।

ਜੋ ਮਨੁਖ ਵੀ ਅਜਿਹੀ ਲਿਫਣੀ ਲਿਫਦਾ ਹੈ, ਤਾਂ ਇਸ ਦਾ ਨਾਮ ਗ਼ਰੀਬੀ-ਨਿਮਰਤਾ ਨਹੀਂ ਹੈ, ਇਹ ਕਾਇਰਤਾ ਹੈ। ਤੇ, ਕਾਇਰਤਾ ਅਤੇ ਮਨੁਖਤਾ ਦਾ ਆਪੋ ਵਿਚ ਮੇਲ ਨਹੀਂ ਹੈ।

ਭਾਰਤ ਵਿਚ ਸਦੀਆਂ ਤੋਂ ਬ੍ਰਾਹਮਣ ਹੀ ਧਰਮ ਦੇ ਨੇਤਾ ਮੰਨੇ ਜਾਂਦੇ ਹਨ। ਦੂਰ ਪੁਰਾਣੇ ਸਮਿਆਂ ਦੇ ਹਾਲਾਤ ਅਨੁਸਾਰ ਬ੍ਰਾਹਮਣ ਨੇ ਮਨੁਖ ਜਾਤੀ ਨੂੰ ਚਾਰ ਹਿਸਿਆਂ ਵਿਚ ਵੰਡ ਦਿਤਾ ਸੀ। ਹਰੇਕ ਵਰਨ ਦੇ ਫ਼ਰਜ਼ ਵਖ ਵਖ ਨੀਯਤ ਕਰ ਦਿਤੇ ਗਏ ਸਨ। ਧਰਮ-ਪੁਸਤਕਾਂ ਦਾ ਪੜ੍ਹਨਾ-ਵਿਚਾਰਨਾ, ਦੇਵ-ਪੂਜਾ ਆਦਿਕ ਬ੍ਰਾਹਮਣ ਦੇ ਹਿੱਸੇ ਆਈ ਹੋਈ ਹੈ। ਸ਼ਸਤ੍ਰ ਫੜ ਕੇ ਦੇਸ਼ ਦੀ ਇੱਜ਼ਤ-ਅਣਖ ਬਚਾਣੀ ਖਤ੍ਰੀ ਦੇ ਜ਼ਿਮੇ ਸੀ। ਕਈ ਸਦੀਆਂ ਤੋਂ ਇਹ ਵੰਡ ਤੁਰੀ ਆਉਣ ਕਰਕੇ ਭਾਰਤ-ਵਾਸੀਆਂ ਦੇ ਦਿਲ ਵਿਚ ਇਹ ਖ਼ਿਆਲ ਪੱਕਾ ਬਹਿ ਚੁਕਾ ਸੀ ਕਿ ਸਿਰਫ ਪੂਜਾ-ਪਾਠ ਹੀ ਧਰਮ ਦਾ ਅੰਗ ਹੈ, ਤਲਵਾਰ ਫੜਨੀ ਨਿਰ-ਦਇਅਤਾ ਹੈ ਅਤੇ ਧਰਮ ਤੋਂ ਹੇਠਲੇ ਦਰਜੇ ਦਾ ਕਰਤੱਬ ਹੈ। ਸਿਖ ਧਰਮ ਨੇ ਭਾਵੇਂ ਉਸ ਵਰਨ-ਵੰਡ ਨੂੰ ਮੁਕਾਣ ਦੇ ਬੜੇ ਯਤਨ ਕੀਤੇ ਸਨ, ਫਿਰ ਭੀ ਸਧਾਰਨ ਮਨੁਖ ਦੇ ਅੰਦਰ ਅਜੇ ਇਹੀ ਨਿਸ਼ਚਾ ਸੀ ਕਿ ਸਿਮਰਨ-ਕੀਰਤਨ ਅਤੇ ਤਲਵਾਰ ਦਾ ਆਪੋ ਵਿਚ ਮੇਲ ਨਹੀਂ ਹੈ।

ਪਰ ਸੋਚ-ਸ਼ਕਤੀ ਨੂੰ ਥੋੜਾ ਕੁ ਹੀ ਵਰਤਿਆਂ ਇਹ ਗੱਲ ਪਰਤੱਖ ਸਮਝ ਵਿਚ ਆ ਜਾਂਦੀ ਹੈ ਕਿ ਗੁਰਦੁਆਰੇ ਮੰਦਰ ਵਿਚ ਬੈਠ ਕੇ ਸਿਮਰਨ-ਕੀਰਤਨ ਤਦੋਂ ਹੀ ਹੋ ਸਕਦਾ ਹੈ ਜੇ ਗੁਰਦੁਆਰੇ ਤੇ ਮੰਦਰ ਦੀ ਹਸਤੀ ਨੂੰ ਕਿਸੇ ਪਾਸੋਂ ਕੋਈ ਖ਼ਤਰਾ ਨਾ ਹੋਵੇ। ਜਰਵਾਣੇ ਤੇ ਕਮਜ਼ੋਰ ਦੀ ਕਾਹਦੀ ਸਾਂਝ ? ਜੇ ਜਰਵਾਣਾ ਆ ਕੇ ਇਹਨਾਂ ਧਰਮ-ਅਸਥਾਨਾਂ ਨੂੰ ਹੀ ਮੁਕਾਣ ਦੇ ਜਤਨ ਕਰਨ ਲਗ ਪਏ ਤਾਂ ਸਿਮਰਨ-ਕੀਰਤਨ ਨੂੰ ਕਿਹੜੀ ਥਾਂ ? ਸੋ, ਕਮਜ਼ੋਰ ਰਹਿਣਾ ਮਨੁਖਤਾ ਤੋਂ ਡਿਗਣ ਦੀ ਨਿਸ਼ਾਨੀ ਹੈ। ਕਮਜ਼ੋਰੀ ਹੀ ਜਰਵਾਣੇ ਨੂੰ ਵਧੀਕੀ ਕਰਨ ਲਈ ਪ੍ਰੇਰਦੀ ਹੈ। ਗਰੀਬੀ ਤੇ ਨਿਮਰਤਾ ਸ਼ਿੰਗਾਰ ਹੈ, ਪਰ ਸ਼ਿੰਗਾਰ ਹੈ ਬਲਵਾਨ ਮਨੁਖ ਲਈ। ਕਮਜ਼ੋਰ ਮਨੁਖ ਦੀ ਗ਼ਰੀਬੀ ਕਾਇਰਤਾ ਵਿਚ ਬਦਲ ਜਾਂਦੀ ਹੈ।

ਬ੍ਰਾਹਮਣ ਦੀ ਵਰਨ-ਵੰਡ ਨੇ ਵੈਸ਼ ਅਤੇ ਸੂਦਰ ਲੋਕਾਂ ਦੇ ਅੰਦਰ ਬੀਰ-ਰਸ ਦੀ ਕਿਤੇ ਅੰਸ਼ ਨਹੀਂ ਸੀ ਰਹਿਣ ਦਿਤੀ। ਇਹੋ ਕਾਰਨ ਸੀ ਕਿ ਦੂਰੋਂ ਆਏ ਜਰਵਾਣੇ ਭਾਰਤ ਉਤੇ ਮਨ-ਮੰਨੇ ਜ਼ੁਲਮ ਅਤਿਆਚਾਰ ਅਰ ਲੈਂਦੇ ਸਨ। ਮੁਸਲਮਾਨ ਰਾਜ ਦੇ ਅਸਰ ਹੇਠ ਹਿੰਦੂ-ਜਾਤੀ ਹੋਰ ਭੀ ਡਰਾਕਲ ਤੇ ਕਮਜ਼ੋਰ ਹੋ ਗਈ। ਮੁਸਲਮਾਨ ਹਾਕਮਾਂ ਦੇ ਸਾਹਮਣੇ ਕੋਈ ਉਭਾਸਰ ਨਹੀਂ ਸੀ ਸਕਦਾ।

ਗੁਰੂ ਨਾਨਕ ਦੇਵ ਜੀ ਅਤੇ ਉਹਨਾਂ ਦੇ ਜਾ-ਨਸ਼ੀਨ ਗੁਰੂ ਸਾਹਿਬਾਨ ਨੇ ਇਹ ਨਿਤਾਣਾ-ਪਣ ਦੂਰ ਕਰਨ ਦੇ ਜਤਨ ਕੀਤੇ। ਪੈਰਾਂ ਹੇਠ ਲਤਾੜੀਂਦੇ ਬੰਦਿਆਂ ਵਿਚ ਮਨੁਖਤਾ ਫਿਰ ਰੁਕਮਣ ਲਗੀ। ਬਿਦੇਸ਼ੀ ਹਾਕਮਾਂ ਵਾਸਤੇ



www.AKJ.Org

ਇਹ ਤਬਦੀਲੀ ਅਸਹਿ ਸੀ। ਗੁਰ ਅਰਜਨ ਸਾਹਿਬ ਨੂੰ ਸ਼ਹੀਦ ਕਰ ਕੇ ਬੜੀ ਭਾਰੀ ਚੋਟ ਮਾਰੀ ਗਈ। ਜਰਵਾਣੇ ਉਸ ਸੋਮੇ ਨੂੰ ਸੁਕਾਣਾ ਚਾਹੁੰਦੇ ਸਨ, ਜਿਥੋਂ ਮਨੁਖਤਾ ਤੇ ਬੀਰਤਾ ਪੈਦਾ ਹੋ ਰਹੀਆਂ ਸਨ।

ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਸਿਖ ਮਾਈ ਭਾਈ ਰਲ ਕੇ ਸਤਿਗੁਰੂ ਜੀ ਦੇ ਦਰਸ਼ਨ ਕਰਨ ਅਨੰਦਪੁਰ ਆਇਆ ਕਰਦੇ ਸਨ। ਕਈ ਵਾਰੀ ਰਸਤੇ ਵਿਚ ਉਨ੍ਹਾਂ ਨੂੰ ਗੁੱਜਰ ਤੇ ਰੰਘੜ ਲੁਟ ਲੈਂਦੇ ਸਨ। ਸਿਖ ਜਦੋਂ ਸਤਿਗੁਰੂ ਜੀ ਪਾਸ ਸ਼ਿਕਾਇਤ ਕਰਦੇ ਸਨ ਤਾਂ ਉਤਰ ਇਹੀ ਮਿਲਦਾ ਸੀ ਕਿ ਮਨੁਖਤਾ ਅਤੇ ਕਮਜ਼ੋਰੀ ਦਾ ਮੇਲ ਨਹੀਂ ਹੈ। ਦੂਜਿਆਂ ਉਤੇ ਵਧੀਕੀ ਕਰਨੀ ਮਨੁਖਤਾ ਤੋਂ ਗਿਰਾਵਟ ਹੈ, ਪਰ ਆਪਣੀ ਕਮਜ਼ੋਰੀ ਦੇ ਕਾਰਨ ਦੂਜਿਆਂ ਨੂੰ ਵਧੀਕੀ ਕਰਨ ਦਾ ਮੌਕਾ ਦੇਣਾ ਭੀ ਗਿਰਾਵਟ ਹੈ। ਸ਼ਸਤ੍ਰ-ਧਾਰੀ ਹੋ ਕੇ ਬਲਵਾਨ ਬਣੋ। ਵੈਰੀ ਵਧੀਕੀ ਕਰਨ ਦੇ ਥਾਂ ਸਤਿਕਾਰ ਕਰੇਗਾ।

ਪੰਜਾਬੀ ਦਾ ਇਕ ਪੁਰਾਣਾ ਅਖਾਣ ਹੈ, 'ਹੱਥਾਂ ਬਾਝ ਕਰਾਰਿਆਂ, ਵੈਰੀ ਮਿਤ ਨ ਹੋਇ'।

ਸਦੀਆਂ ਤੋਂ ਪੈਰਾਂ ਹੇਠ ਲਤਾੜੀਂਦੇ ਗਰੀਬਾਂ ਨੂੰ ਆਪਣੇ ਪੈਰਾਂ ਤੇ ਖੜਾ ਕਰਨ ਦਾ ਕੰਮ ਗੁਰੂ ਨਾਨਕ ਦੇਵ ਜੀ ਨੇ ਸ਼ੁਰੂ ਕੀਤਾ ਸੀ। ਪਰ ਚਾਰੇ ਬੰਨੇ ਅਤਿ ਲੋੜ ਪੈਣ ਤੇ ਕਰਾਰੇ ਹੱਥ ਵਿਖਾ ਸਕਣ ਦੀ ਸਮਰੱਥਾ ਤੋਂ ਪਹਿਲਾਂ, ਇਹ ਜ਼ਰੂਰੀ ਸੀ ਕਿ ਲੋਕ ਥੋੜ੍ਹ-ਵਿਤੇ ਨਾ ਹੋਣ, ਉਹਨਾਂ ਦੇ ਅੰਦਰ ਜਿਰਾਂਦ ਹੋਵੇ, ਉਹਨਾਂ ਦਾ ਸ਼ਖਸੀ ਆਚਰਨ ਉਚਤਾ ਦੀ ਚੋਟੀ ਉਤੇ ਅਪੜਿਆ ਹੋਇਆ ਹੋਵੇ।

ਵੰਨਗੀ ਵਜੋਂ ਭਾਈ ਗੁਰਦਾਸ ਜੀ ਦੀ ਬਾਣੀ ਵਿਚੋਂ ਉਸ ਆਚਰਨ ਦਾ ਕੁਝ ਕੁ ਦ੍ਰਿਸ਼ ਪੇਸ਼ ਕੀਤਾ ਜਾਂਦਾ ਹੈ–

ਹਉ ਤਿਸੁ ਵਿਟਹੁ ਵਾਰਿਆ, ਹੋਂਦੈ ਤਾਣਿ ਜੁ ਹੋਇ ਨਿਤਾਣਾ ॥
ਹਉ ਤਿਸੁ ਵਿਤਹੁ ਵਾਰਿਆ, ਹੋਂਦੈ ਮਾਣਿ ਜੁ ਹੋਇ ਨਿਮਾਣਾ ॥੩॥ (੧੨)
ਹਉ ਤਿਸ ਦੇ ਚਉਖੰਨੀਐ, ਅਵਗੁਣ ਕੀਤੇ ਗੁਣ ਪਰਵਾਣੈ ॥
ਹਉ ਤਿਸ ਦੇ ਚਉਖੰਨੀਐ, ਮੰਦਾ ਕਿਸੈ ਨ ਆਖਿ ਵਖਾਣੈ ॥
ਹਉ ਤਿਸ ਦੈ ਚਉਖੰਨੀਐ, ਆਪੁ ਠਗਾਏ ਲੋਕਾਂ ਭਾਣੈ ॥
ਹਉ ਤਿਸ ਦੈ ਚਉਖੰਨੀਐ, ਪਰਉਪਕਾਰ ਕਰੇ ਰੰਗੁ ਮਾਣੈ ॥੫॥ (੧੨)
ਹਉ ਤਿਸੁ ਘੋਲਿ ਘੁਮਾਇਆ, ਗੁਰਮਤਿ ਰਿਦੈ ਗਰੀਬੀ ਆਵੈ ॥
ਹਉ ਤਿਸੁ ਘੋਲਿ ਘੁਮਾਇਆ, ਪਰ ਨਾਰੀ ਦੈ ਨੇੜਿ ਨ ਜਾਵੈ ॥
ਹਉ ਤਿਸੁ ਘੋਲਿ ਘੁਮਾਇਆ, ਪਰ ਦਰਬੈ ਨੋ ਹਥੁ ਨ ਲਾਵੈ ॥
ਹਉ ਤਿਸੁ ਘੋਲਿ ਘੁਮਾਇਆ, ਪਰ ਨਿੰਦਾ ਸੁਣਿ ਆਪੁ ਹਟਾਵੈ ॥੪॥ (੧੨)

ਅਜਿਹੇ ਇਨਸਾਨਾਂ ਦੀ ਜਥੇਬੰਦ ਜਮਾਤ ਜਦੋਂ ਸ਼ਸਤ੍ਰ ਧਾਰ ਕੇ ਕਰਾਰੇ ਹੱਥ ਵਿਖਾ ਸਕਣ ਦੇ ਸਮਰੱਥ ਹੋ ਜਾਵੇ, ਤਦੋਂ ਹੀ ਜਰਵਾਣਿਆਂ ਦੀਆਂ ਅਖਾਂ ਖੁਲ੍ਹਦੀਆਂ ਹਨ ਤੇ ਉਹ ਮਨੁਖਾਂ ਵਿਚ ਮਨੁਖ ਬਣ ਕੇ ਰਹਿਣ ਦੀ ਜਾਚ ਸਿਖਣ ਤੇ ਮਜਬੂਰ ਹੁੰਦੇ ਹਨ।

ਪਰ ਇਤਨਾ ਉੱਚਾ ਆਚਰਨ ਦਿਨਾਂ ਵਿਚ ਹੀ ਨਹੀਂ ਬਣ ਜਾਂਦਾ। ਹਰੇਕ ਗੁਰ-ਵਿਅਕਤੀ ਨੇ ਬੜੀ ਸੁਚੱਜਤਾ ਨਾਲ ਅਗਵਾਈ ਕੀਤੀ। ਗੁਰੂ ਅਮਰਦਾਸ ਜੀ ਨੂੰ ਗੁਰਿਆਈ ਦੀ ਜ਼ਿਮੇਵਾਰੀ ਨਿਬਾਹੁੰਦਿਆਂ ਛੇ ਸਾਲ ਹੋ ਚੁਕੇ ਸਨ, ਛੂਤ-ਛਾਤ ਦੀ ਬੁਰਾਈ ਦੀਆਂ ਜੜ੍ਹਾਂ ਵਢਣ ਲਈ ਉਹਨਾਂ ਹੁਕਮ ਦੇ ਰਖਿਆ ਸੀ ਕਿ ਜਿਹੜਾ ਭੀ ਬੰਦਾ ਸਤਸੰਗ ਵਿਚ ਆਵੇ, ਉਹ ਪਹਿਲਾਂ ਲੰਗਰ ਵਿਚ ਪਰਸ਼ਾਦ ਛਕੇ। ਬ੍ਰਾਹਮਣ ਦੀ ਵਰਨ-ਵੰਡ ਦੇ ਵਿਤਕਰੇ ਉਤੇ ਇਹ ਇਕ ਕਾਰੀ ਚੋਟ ਸੀ।...

ਜਦੋਂ ਗੁਰੂ ਅਰਜਨ ਸਾਹਿਬ ਨੇ ਗਰੀਬਾਂ ਦੀ ਬਾਂਹ ਫੜਨ ਦੇ ਇਵਜ਼ ਵਿਚ ਬੜੇ ਤਸੀਹੇ ਸਹਾਰ ਕੇ ਸ਼ਾਂਤ-ਚਿਤ ਸ਼ਹੀਦ ਹੋਣ ਦੇ ਪੂਰਨੇ ਪਾ ਦਿਤੇ ਤਾਂ ਉਸ ਵੇਲੇ ਗੁਰੂ ਹਰਿਗੋਬਿੰਦ ਸਾਹਿਬ ਨੇ ਵੇਖਿਆ ਕਿ ਇਹ ਆਤਮ-ਜਿਤ ਸੂਰਮਿਆਂ ਦੇ ਹੱਥ ਵਿਚ ਤਲਵਾਰ ਫੜਾਉਣ ਦਾ ਯੋਗ ਸਮਾ ਆ ਗਿਆ ਹੈ।



www.AKJ.Org

ਜਿਹੜੇ ਲੋਕ ਸਿਰਫ਼ ਸ਼ਸਤ੍ਰ-ਧਾਰੀ ਹੋਣ ਨੂੰ ਹੀ 'ਹਿੰਸਾ, ਹਿੰਸਾ' ਆਖ ਕੇ ਤ੍ਰਠਦੇ ਹਨ, ਉਹਨਾਂ ਅਜੇ ਆਪਣੀ ਸੁਰੱਖਿਅਤ ਚਾਰ-ਦੀਵਾਰੀ ਵਿਚੋਂ ਬਾਹਰ ਨਿਕਲ ਕੇ ਦੁਨੀਆ ਵੇਖਣ ਦੀ ਖੇਚਲ ਨਹੀਂ ਕੀਤੀ। ਭਾਰਤ ਨੂੰ ਸਦੀਆਂ ਤੋਂ 'ਅਹਿੰਸਾ' ਦੀ ਸਿਖਿਆ ਮਿਲੀ ਹੋਈ ਹੈ। ਸ਼ਾਂਤਮਈ ਰਹਿ ਕੇ ਜੀਊਣਾ ਤੇ ਜੀਊਣ ਦੇਣਾ, ਇਸ ਦੀ ਮਾਨੋ ਗੁੜ੍ਹਤੀ ਹੈ। ਪਰ ਜੇ ਭਾਰਤ ਸਰੀਰਕ ਤੌਰ ਤੇ ਬਲੀ ਨਹੀਂ ਹੈ ਤਾਂ ਕੀ ਇਸ ਨੂੰ ਕੋਈ ਗੁਆਂਢੀ ਜੀਊਂਦਾ ਰਹਿਣਾ ਦੇਵੇਗਾ?

ਸੋ, ਸ਼ਾਂਤੀ ਤੇ ਤਲਵਾਰ ਦਾ, ਭਗਤੀ ਤੇ ਖੰਡੇ ਦਾ, ਪਰਸਪਰ ਵਿਰੋਧ ਨਹੀਂ ਹੈ।...

ਤੁਰਕ ਹਾਕਮਾਂ ਨੇ ਗੁਰੂ ਹਰਿਗੋਬਿੰਦ ਸਾਹਿਬ ਨਾਲ ਚਾਰ ਵਾਰੀ ਤਲਵਾਰ ਦੀ ਟੱਕਰ ਲਈ। ਚਾਰੇ ਵਾਰੀ ਵੈਰੀ ਆਪ ਚੜ੍ਹ ਕੇ ਆਇਆ, ਤੇ ਮਾਰ ਖਾ ਕੇ ਗਿਆ। ਗੁਰੂ ਪਾਤਿਸ਼ਾਹ ਨੇ ਕਿਸੇ ਦੀ ਇਕ ਚੱਪਾ ਭੁਇੰ ਨਾ ਮੱਲੀ; ਤੇ ਨਾ ਹੀ ਕੋਈ ਹੋਰ ਜੰਗੀ ਲਾਭ ਉਠਾਣ ਦਾ ਯਤਨ ਕੀਤਾ।

ਜਿਵੇਂ ਸ਼ਾਹ ਜਹਾਨ ਦੇ ਪੂਰਬੀ ਭਾਰਤ ਵਲ ਦੇ ਰੁਝੇਵਿਆਂ ਦੇ ਕਾਰਨ ਪੰਜਾਬ ਦੇ ਹਾਕਮਾਂ ਨੇ ਗੁਰੂ ਹਰਿਗੋਬਿੰਦ ਸਾਹਿਬ ਨਾਲ ਵੈਰ ਸਹੇੜੇ ਤੇ ਮਾਰ ਖਾਧੀ, ਤਿਵੇਂ ਔਰੰਗਜ਼ੇਬ ਦੇ ਦਖਣ ਦੇ ਰੁਝੇਵਿਆਂ ਵੇਲੇ ਪੰਜਾਬ ਦੇ ਪਹਾੜੀ ਰਾਜਿਆਂ ਤੇ ਤੁਰਕ ਹਾਕਮਾਂ ਨੇ ਗੁਰੂ ਗੋਬਿੰਦ ਸਿੰਘ ਜੀ ਉਤੇ ਕਈ ਵਾਰ ਕੀਤੇ। ਕਦੇ ਇਕ ਵਾਰੀ ਭੀ ਪਹਿਲ ਸਤਿਗੁਰੂ ਜੀ ਵਲੋਂ ਨਹੀਂ ਸੀ ਹੋਈ।

ਗੁਰੂ ਗੋਬਿੰਦ ਸਿੰਘ ਜੀ ਕੋਈ ਵਖਰਾ ਰਾਜ ਕਾਇਮ ਨਹੀਂ ਸਨ ਕਰ ਰਹੇ, ਕੋਈ ਮੱਲਾਂ ਨਹੀਂ ਸਨ ਮੱਲ ਰਹੇ, ਕੋਈ ਬਗ਼ਾਵਤ ਨਹੀਂ ਸਨ ਕਰਾ ਰਹੇ। ਫਿਰ ਪੰਜਾਬ ਦੇ ਹਾਕਮਾਂ ਤੇ ਪਹਾੜੀ ਰਾਜਿਆਂ ਨੂੰ ਕੀ ਤਕਲੀਫ਼ ਸੀ? ਸਿਰਫ਼ ਇਹੀ ਕਿ ਸਦੀਆਂ ਤੋਂ ਲਤਾੜੇ ਹੋਏ ਲੋਕ ਗੁਰੂ-ਪਾਤਿਸ਼ਾਹ ਦੀ ਤਾਲੀਮ ਦੀ ਬਰਕਤ ਨਾਲ ਧੌਣ ਉਚੀ ਕਰ ਕੇ ਤੁਰਨ ਲਗ ਪਏ ਸਨ। ਉਹ ਹੁਣ ਵਡੇ ਵਡੇ ਜਾਬਰਾਂ ਦੇ ਹੱਥੋਂ ਆਪਣੀ ਅਸਮਤ ਦਾ ਰੁਲਣਾ ਸਹਾਰ ਨਹੀਂ ਸਨ ਸਕਦੇ। ਉਹਨਾਂ ਦਾ ਆਪਣਾ ਆਦਰਸ਼ ਸੀ ਕਿ—

ਦੇਖਿ ਪਰਾਈਆਂ ਚੰਗੀਆਂ, ਮਾਵਾਂ ਭੈਣਾਂ ਧੀਆਂ ਜਾਣੈ ॥੧੧॥ (੨੯)—ਵਾਈ ਗੁਰਦਾਸ ਜੀ

ਪਰ ਉਹ ਹੁਣ ਆਪਣੀਆਂ ਮਾਵਾਂ ਭੈਣਾਂ ਧੀਆਂ ਦੀ ਭੀ ਇੱਜ਼ਤ ਨੂੰ ਬਚਾਣ ਜੋਗੇ ਹੋ ਗਏ ਸਨ। ਇਹ ਗੱਲ ਅਤਿਆਚਾਰੀ ਦੁਰਾਚਾਰੀਆਂ ਨੂੰ ਚੁਭ ਰਹੀ ਸੀ।...

ਅਹਿਮਦ ਸ਼ਾਹ ਅਬਦਾਲੀ ਦੇ ਪੰਜਾਬ ਉਤੇ ਚੌਥੇ ਹਮਲੇ ਸਮੇ ਕਾਜ਼ੀ ਨੂਰ ਮੁਹੰਮਦ ਉਸ ਦੇ ਨਾਲ ਆਇਆ ਹੋਇਆ ਸੀ। ਉਸ ਨੇ ਆਪਣੀ ਅਖੀਂ ਜੰਗ ਦੇ ਹਾਲਾਤ ਆਪਣੀ ਕਿਤਾਬ 'ਜੰਗਨਾਮਾ' ਵਿਚ ਲਿਖੇ। ਨੂਰ ਮੁਹੰਮਦ ਇਤਨਾ ਮੁਤਅੱਸਬੀ ਸੀ ਕਿ 'ਸਿੰਘ' ਵਾਸਤੇ ਲਫ਼ਜ਼ 'ਸਗ' ਵਰਤਦਾ ਰਿਹਾ। 'ਸਗ' ਦਾ ਅਰਥ ਹੈ 'ਕੁੱਤਾ'। ਪਰ ਉਹ ਸਿੰਘਾਂ ਦੇ ਕਰਾਰੇ ਹੱਥਾਂ ਨੂੰ ਅਤੇ ਉਚੇ ਆਚਰਨ ਨੂੰ ਲੁਕਾ ਨਹੀਂ ਸਕਿਆ। ਉਹ ਲਿਖਦਾ ਹੈ ਕਿ ਜੰਗ ਸਮੇਂ ਲੁੱਟ ਪੈਣ ਤੇ ਵੀ ਸਿੰਘ ਕਿਸੇ ਜ਼ਨਾਨੀ ਦੇ ਧਨ ਤੇ ਗਹਿਣੇ ਨੂੰ ਹੱਥ ਨਹੀਂ ਪਾਂਦੇ। ਭਾਵੇਂ ਕਿਤਨੀ ਸੁੰਦਰ ਔਰਤ ਹੋਵੇ, ਉਸ ਵਲ ਕੈਰੀ ਅੱਖ ਨਹੀਂ ਤਕਦੇ। ਇਨ੍ਹਾਂ 'ਸਗਾਂ' (ਕੁੱਤਿਆਂ) ਵਿਚ ਪਰ-ਇਸਤ੍ਰੀ ਗਮਨ ਨਹੀਂ ਹੈ, ਨਾ ਹੀ ਇਨ੍ਹਾਂ ਵਿਚ ਕੋਈ ਚੋਰ ਹੈ।

ਇਹ ਉਚਾ ਆਚਰਨ ਕਿਸ ਦਾ ਸਦਕਾ ਸੀ? ਉਸ ਤਾਲੀਮ ਦਾ ਸਦਕਾ, ਜਿਸ ਨੇ ਸਿਖਾਇਆ—

ਨਾ ਕੋ ਬੈਰੀ, ਨਹੀ ਬਿਗਾਨਾ, ਸਗਲ ਸੰਗਿ ਹਮ ਕੋ ਬਨਿ ਆਈ ॥ —ਕਾਨੜਾ ਮ: ੫-੧੨੯੯

ਪਾਠਕ ਵੇਖ ਚੁਕੇ ਹਨ ਕਿ ਸਰਬ-ਵਿਆਪਕ ਅਕਾਲ ਪੁਰਖ ਦੀ ਭਗਤੀ ਸਿਖਾਣ ਵਾਲੇ ਗੁਰੂ ਪਾਤਿਸ਼ਾਹ ਵਲੋਂ ਸਿੱਖਾਂ ਨੂੰ ਮਿਲੀ ਤਲਵਾਰ ਕਿਸ ਕਿਸਮ ਦੀ ਤਲਵਾਰ ਸੀ। ਤਲਵਾਰ ਤਾਕਤ ਦਾ ਚਿੰਨ੍ਹ ਹੈ, ਤੇ ਇੱਜ਼ਤ ਅਣਖ ਅਸਮਤ ਦੀ ਰਾਖੀ ਦੀ ਜ਼ਾਮਨ ਹੈ। ਪਰ ਅਤਿਆਚਾਰੀ ਜਾਬਰਾਂ ਨੂੰ ਇਹ ਨਹੀਂ ਸੀ ਭਾਉਂਦਾ ਕਿ ਉਨ੍ਹਾਂ ਦੇ ਪੈਰਾਂ ਹੇਠ ਲਤਾੜੀਂਦੇ ਗ਼ਰੀਬ ਉਠ ਕੇ ਉਹਨਾਂ ਦੇ ਸਾਹਮਣੇ ਧੌਣ ਉਚੀ ਕਰ ਕੇ ਖਲੋ ਸਕਣ।

---

**ਗੁਰਬਾਣੀ ਰਹਿਤਨਾਮਾ**—ਇਹ ਟਰੈਕਟ ਗੁਰਬਾਣੀ ਦੀ ਸੇਧ ਵਿਚ ਸਿੱਖੀ ਰਹਿਤ ਲਈ ਸਹੀ ਸੇਧ ਦੇਂਦਾ ਹੈ। ਇਸ ਦੇ ਅੰਤ ਵਿਚ ਪੰਥ-ਵਿਰੋਧੀਆਂ ਵਲੋਂ ਗੁਰਮਤਿ-ਵਿਰੋਧੀਆਂ ਵਲੋਂ ਕੀਤੀ ਗਈ ਮਿਲਾਵਟ ਨੂੰ ਵੀ ਉਘਾੜਿਆ ਗਿਆ ਹੈ। ਭੇਟਾ ੧-੦੦



www.AKJ.Org

# ਪੂਰਨ ਸੰਤ ਸਿਪਾਹੀ–ਖਾਲਸਾ

[ਗਿਆਨੀ ਭਜਨ ਸਿੰਘ ਜੀ, ਦਿਲੀ]

ਸ੍ਰੀ ਦਸਮੇਸ਼ ਜੀ ਨੇ ਸਿੱਖ ਨੂੰ 'ਸੰਤ' ਵੀ ਬਣਾਇਆ ਤੇ 'ਸਿਪਾਹੀ' ਵੀ, ਪ੍ਰੰਤੂ ਸਿੱਖ 'ਸੰਤ' ਪਹਿਲੋਂ ਹੈ ਤੇ 'ਸਿਪਾਹੀ' ਮਗਰੋਂ। ਜੋ ਕੇਵਲ ਸਿਪਾਹੀ ਹੋਵੇਗਾ ਉਹ ਤਾਕਤ ਦੀ ਦੁਰ-ਵਰਤੋਂ ਕਰੇਗਾ ਅਤੇ ਜੋ ਕੇਵਲ 'ਸੰਤ' ਹੈ ਉਹ ਜਰਵਾਣਿਆਂ ਤੋਂ ਨੇਕੀ ਦੀ ਰਾਖੀ ਨਹੀਂ ਕਰ ਸਕੇਗਾ।

ਭਗਤੀ ਤੇ ਸ਼ਕਤੀ ਦਾ ਇਹ ਸੰਤੁਲਤ ਸੁਮੇਲ ਹੀ ਜੀਵਨ-ਰੱਥ ਦੀ ਸਾਵੀਂ, ਪੱਧਰੀ ਤੇ ਉਲਾਰ ਰਹਿਤ ਤੋਰ ਦਾ ਜ਼ਾਮਨ ਹੋ ਸਕਦਾ ਹੈ। ਕਿਸੇ ਇਕ ਪਾਸੇ ਵਲ ਉਲਾਰ ਮਨੁੱਖ ਨੂੰ ਜਾਬਰ, ਨਿਰਦਈ ਤੇ ਧੱਕੇ-ਖ਼ੋਰ ਬਣਾ ਦੇਵੇਗਾ, ਜਾਂ ਨਿਤਾਣਾ, ਕਾਇਰ ਤੇ ਬੇ-ਬੱਸ। ਏਸੇ ਲਈ ਸਿਖ ਧਰਮ ਖ਼ਾਸ ਹਾਲਤਾਂ ਤੇ ਸ਼ਰਤਾਂ ਅਧੀਨ ਸ਼ਕਤੀ ਦੀ ਵਰਤੋਂ ਦਾ ਹਾਮੀ ਹੈ ਅਤੇ ਉਹ ਸ਼ਰਤਾਂ ਹਨ :–

(੧) ਗੁਰੂ ਕੇ ਸਿਖ ਨੇ ਕਦੀ ਵੀ ਸੁਆਰਥ, ਲੋਭ, ਲਾਲਚ ਜਾਂ ਕ੍ਰੋਧ-ਵੱਸ ਹੋ ਕੇ ਬਲ ਦਾ ਪ੍ਰਯੋਗ ਨਹੀਂ ਕਰਨਾ।

(੨) ਬਦਲੇ ਦੀ ਭਾਵਨਾ ਨਾਲ ਤਲਵਾਰ ਨਹੀਂ ਚੁੱਕਣੀ।

(੩) ਸ਼ਕਤੀ ਦੀ ਵਰਤੋਂ ਓਦੋਂ ਤੇ ਕੇਵਲ ਓਦੋਂ ਕਰਨੀ ਹੈ, ਜਦ ਹੋਰ ਸਾਰੇ ਸਾਧਨ ਅਜ਼ਮਾਏ ਜਾ ਚੁਕੇ ਹੋਣ। ਇਸ ਸੰਬੰਧੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵਲੋਂ ਜ਼ਫ਼ਰਨਾਮੇ ਵਿਚ ਦਿੱਤੀ ਸੇਧ ਨੂੰ ਮੁਖ ਰਖਣਾ ਹੈ—

ਚੁ ਕਾਰ ਅਜ਼ ਹਮਾ ਹੀਲਤੇ ਦਰ ਗੁਜ਼ੱਸ਼ਤ ॥ ਹਲਾਲ ਅਸਤ ਬੁਰਦਨ ਬ-ਸ਼ਮਸ਼ੀਰ ਦਸਤ ॥੨੨॥

(ਭਾਵ, ਜਦ ਗੱਲ ਸਾਰਿਆਂ ਹੀਲਿਆਂ ਤੋਂ ਲੰਘ ਜਾਵੇ ਤਾਂ ਤਲਵਾਰ ਉਠਾਉਣੀ ਜਾਇਜ਼ ਹੈ)

(੪) ਸ਼ਸਤਰ, ਬਚਾਅ ਲਈ ਚੁੱਕਣਾ ਹੈ, ਮੱਲਾਂ ਮਾਰਨ ਲਈ ਨਹੀਂ। ਲਗਦੀ ਵਾਹ ਪਹਿਲੇ ਵਾਰ ਨਹੀਂ ਕਰਨਾ। ਇਨ੍ਹਾਂ ਦੋਹਾਂ ਗੱਲਾਂ ਦੀ, ਸਾਰਾ ਸਿਖ ਇਤਿਹਾਸ ਰੱਜ ਕੇ ਗਵਾਹੀ ਭਰਦਾ ਹੈ।

(੫) ਸ਼ਕਤੀ ਦੀ ਵਰਤੋਂ ਰਣ-ਖੇਤਰ ਵਿਚ ਟਾਕਰੇ ਲਈ ਨਿੱਤਰੇ ਜਵਾਨਾਂ ਵਿਰੁਧ ਹੋਵੇ, ਇਕ-ਵਢੋਂ ਮਰਦਾਂ, ਔਰਤਾਂ ਤੇ ਬੱਚਿਆਂ ਵਿਰੁਧ ਕਤਲਾਮ ਆਦਿ ਲਈ ਨਹੀਂ।

(੬) ਸਿੱਖ ਇਸ ਅਸੂਲ ਦਾ ਕਾਇਲ ਨਹੀਂ ਕਿ 'ਯੁੱਧ ਵਿਚ ਸਭ ਕੁਝ ਜਾਇਜ਼ ਹੈ'। ਤਲਵਾਰ ਉਠਾਉਣ ਵੇਲੇ ਜੰਗਾਂ ਜੁੱਧਾਂ ਵਿਚ ਉਸ ਦੇ ਉੱਚੇ, ਸੁੱਚੇ ਚਲਣ ਦੀ ਪੱਧਰ ਪਹਿਲੇ ਵਾਂਗ ਕਾਇਮ ਰਹੇ। ਇਹ ਉੱਚਤਾ ਕੇਵਲ ਕਥਨੀ ਮਾਤ੍ਰ ਅਥਵਾ ਹਵਾਈ ਗੱਲ ਹੀ ਨਹੀਂ, ਸਗੋਂ ਦੋਸਤ ਤਾਂ ਕੀ, ਦੁਸ਼ਮਣ ਵੀ ਜੋ ਨਫ਼ਰਤ ਨਾਲ 'ਸਿੰਘ' ਨੂੰ 'ਸਗ' (ਕੁੱਤਾ) ਕਰਕੇ ਪੁਕਾਰਦੇ ਤੇ ਲਿਖਦੇ ਹਨ, ਉਹ ਵੀ ਜੁੱਧ ਸਮੇਂ ਸਿੰਘਾਂ ਦੇ ਪਵਿੱਤਰ ਚਾਲ ਚਲਣ ਤੇ ਹੋਰ ਗੁਣਾਂ ਦੀ ਗਵਾਹੀ ਇਸ ਪ੍ਰਕਾਰ ਦੇਣ ਉਤੇ ਮਜਬੂਰ ਹੁੰਦੇ ਹਨ :–

"ਇਹ (ਸੱਗ-ਕੁੱਤੇ, ਸਿੰਘ) ਕਿਸੇ ਨਾਮਰਦ ਉਤੇ ਵਾਰ ਨਹੀਂ ਕਰਦੇ ਅਤੇ ਨਾ ਹੀ ਰਣ ਵਿਚੋਂ ਭਜੇ ਜਾਂਦੇ ਦਾ ਰਾਹ ਰੋਕਦੇ ਹਨ–ਭਾਵ, ਭੱਜੇ ਜਾਂਦੇ ਉਤੇ ਵਾਰ ਨਹੀਂ ਕਰਦੇ। ਔਰਤ ਭਾਵੇਂ ਉਹ ਕਿਤਨੀ ਹੀ ਸੁੰਦਰ ਰਾਣੀ ਅਥਵਾ ਦਾਸੀ ਹੋਵੇ, ਉਸ ਨੂੰ ਅਤੇ ਉਸ ਦੇ ਗਹਿਣੇ ਗੱਟੇ ਆਦਿ ਨੂੰ ਛੋਂਹਦੇ ਤੱਕ ਨਹੀਂ। ਇਹਨਾਂ 'ਕੁਤਿਆਂ' ਵਿਚ ਨਾ ਕੋਈ ਜ਼ੇਨਾਹੀ(ਵਿਸ਼ੇ ਵਿਕਾਰ-ਗ੍ਰਸਤ)ਹੀ ਹੁੰਦਾ ਹੈ ਅਤੇ ਨਾ ਹੀ ਚੋਹ। ਔਰਤ ਭਾਵੇਂ ਜਵਾਨ ਹੋਵੇ ਭਾਵੇਂ ਬੁੱਢੜੀ, ਇਹ ਉਸ ਨੂੰ 'ਬੁੱਢੀ' ਹੀ ਆਖਦੇ ਹਨ। ਹਿੰਦੀ ਜ਼ਬਾਨ ਵਿਚ ਬੁੱਢੀਆ ਵਡੇਰੀ ਉਮਰ ਦੀ ਔਰਤ ਨੂੰ ਕਿਹਾ ਜਾਂਦਾ ਹੈ। ਇਨ੍ਹਾਂ 'ਕੁੱਤਿਆਂ' ਵਿਚ ਕੋਈ ਚੋਰੀ ਨਹੀਂ ਕਰਦਾ, ਕਿਉਂਕਿ ਵਿਸ਼ਈ ਤੇ ਚੋਰਾਂ ਨੂੰ ਇਹ ਆਪਣੇ ਮਿੱਤਰ ਨਹੀਂ ਬਣਾਉਂਦੇ।"

ਆਖਰ ਸਿੰਘਾਂ ਦੇ ਗੁਣਾਂ ਨਾਲ ਅਬਦਾਲੀ ਦੇ ਨਾਲ ਆਇਆ ਇਹ ਇਤਿਹਾਸਕਾਰ ਕਾਜ਼ੀ ਨੂਰ ਮੁਹੰਮਦ ਇਤਨਾ ਪ੍ਰਭਾਵਤ ਹੁੰਦਾ ਹੈ ਕਿ ਬੇਸਾਖ਼ਤਾ ਇਉਂ ਪੁਕਾਰ ਉਠਦਾ ਹੈ :–

"ਸਗਾਂ ਰਾ ਮਗੋ ਸੱਗ, ਕਿ ਹਸਤੰਦ ਸ਼ੇਰ। ਬ-ਮਰਦਾਨਿ ਮਰਦਾਂ ਚੂ ਸ਼ੇਰਾਂ ਦਲੇਰ।"


[ਬਾਕੀ ਸਫਾ ੨੪ ਹੇਠ]

www.AKJ.Org

# ਖਾਲਸਾ ਪੰਥ ਦੀ ਸਾਜਨਾ

[ਸ: ਸੰਗਤ ਸਿੰਘ, ਹੀਰਾ, ਡੀ ੨੩੭, ਨਹਿਰੂ ਵਿਹਾਰ, ਦਿਲੀ–੭੩]

ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ਼ ਬਹਾਦਰ ਜੀ ਨੂੰ ਔਰੰਗਜ਼ੇਬੀ ਹੁਕਮ ਨਾਲ ਚਾਂਦਨੀ ਚੌਕ ਵਿਖੇ 11 ਨਵੰਬਰ 1675 ਵੀਰਵਾਰ ਨੂੰ ਦਿਲੀ ਵਿਖੇ ਸ਼ਹੀਦ ਕਰ ਦਿੱਤਾ ਗਿਆ। ਕਾਫੀ ਸਮੇਂ ਤਕ ਸਤਿਗੁਰੂ ਜੀ ਦਾ ਸੀਸ ਤੇ ਧੜ ਉਥੇ ਹੀ ਪਏ ਰਹੇ। ਸ਼ਾਹੀ ਜ਼ੁਲਮ ਦੇ ਡਰ ਤੋਂ ਕਿਸੇ ਵਿਚ ਇਤਨੀ ਹਿੰਮਤ ਨਹੀਂ ਸੀ ਜੋ ਅਗੇ ਵਧ ਕੇ ਕਹਿੰਦਾ ਕਿ ਮੈਂ ਸਤਿਗੁਰਾਂ ਦਾ ਸਿੱਖ ਹਾਂ ਅਤੇ ਸਤਿਗੁਰਾਂ ਦੇ ਸਰੀਰ ਦੀ ਇਹ ਬੇਅਦਬੀ ਮੈਂ ਸਹਿਣ ਨਹੀਂ ਕਰ ਸਕਦਾ। ਭਾਵੇਂ ਬਾਅਦ ਵਿਚ ਲਖੀ ਸ਼ਾਹ ਵਣਜਾਰਾ ਅਤੇ ਰੰਗਰੇਟਾ ਵੀਰ ਭਾਈ ਜੈਤਾ ਜੀ ਧੜ ਅਤੇ ਸੀਸ ਉਥੋਂ ਲੈ ਗਏ।

ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਭਾਰਤੀਆਂ ਦੀ ਮਿੱਟੀ ਵਿਚ ਰੁਲ ਰਹੀ ਅਣਖ ਨੂੰ ਉਭਾਰਨ ਲਈ ਅਤੇ ਮਰ ਚੁਕੀ ਆਤਮਾ ਨੂੰ ਸੁਰਜੀਤ ਕਰਨ ਲਈ ਇਕ ਐਸੇ ਪੰਥ ਦੀ ਸਾਜਨਾ ਦਾ ਪ੍ਰੋਗਰਾਮ ਬਣਾਇਆ ਜੋ ਕਰੋੜਾਂ ਵਿਚ ਪਛਾਣਿਆ ਜਾ ਸਕੇ ਅਤੇ ਗੁਰੂ ਕਾ ਸਿਖ ਹੋਣ ਤੋਂ ਇਨਕਾਰ ਨਾ ਕਰ ਸਕੇ।

ਸੋ ਦਸਮੇਸ਼ ਪਿਤਾ ਜੀ ਨੇ 1699 ਈਸਵੀ ਦੀ ਵਿਸਾਖੀ ਨੂੰ ਅਨੰਦਪੁਰ ਸਾਹਿਬ ਦੇ ਅਸਥਾਨ ਤੇ ਐਸੇ ਅਣਖੀਲੇ ਤੇ ਬਲੀ ਆਤਮਾ ਵਾਲੇ ਖਾਲਸੇ ਦੀ ਸਿਰਜਨਾ ਕੀਤੀ। ਦੇਸ਼ ਭਰ ਵਿਚ ਗੁਰੂ ਦੇ ਸਿੱਖਾਂ ਨੂੰ ਹੁਕਮਨਾਮੇ ਭੇਜ ਕੇ ਸ੍ਰੀ ਅਨੰਦਪੁਰ ਸਾਹਿਬ ਵਿਖੇ ਸੱਦਿਆ, ਤਾਂ ਜੁ ਇਸ ਸਮੇਂ ਹੋਣ ਵਾਲੀ ਪ੍ਰੀਖਿਆ ਤੋਂ ਕੋਈ ਵਾਂਝਿਆ ਨਾ ਰਹਿ ਜਾਏ।

ਵਿਸਾਖੀ ਦੇ ਦਿਨ ਅਨੰਦਪੁਰ ਸਾਹਿਬ ਵਿਖੇ ਭਾਰੀ ਰੌਣਕਾਂ ਸਨ। ਜਿਧਰ ਨਜ਼ਰ ਮਾਰੋ, ਤੰਬੂ ਹੀ ਤੰਬੂ ਵਿਖਾਈ ਦਿੰਦੇ ਸਨ। ਸਾਰੇ ਦੇਸ਼ ਤੋਂ ਸੰਗਤਾਂ ਹੁਮ-ਹੁਮਾ ਕੇ ਪੁੱਜੀਆਂ ਸਨ। ਅੰਮ੍ਰਿਤ ਵੇਲੇ ਤੋਂ ਹੀ ਗੁਰਬਾਣੀ ਦੇ ਕੀਰਤਨ ਦਾ ਪ੍ਰਵਾਹ ਚੱਲ ਰਿਹਾ ਸੀ। ਪੰਡਾਲ ਭਰਿਆ ਹੋਇਆ ਸੀ। ਕੀਰਤਨ ਦੀ ਸਮਾਪਤੀ ਹੋਈ ਤਾਂ ਨਾਲ ਦੇ ਤੰਬੂ ਵਿਚੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਸ੍ਰੀ ਸਾਹਿਬ ਹਥ ਵਿਚ ਫੜ ਕੇ ਬਾਹਰ ਆਏ। ਉਨ੍ਹਾਂ ਦੇ ਚੇਹਰੇ ਤੇ ਅਨੋਖਾ ਜਲਾਲ ਸੀ। ਮਸਤਕ ਦਾ ਤੇਜ ਠਲ੍ਹਿਆ ਨਹੀਂ ਸੀ ਜਾਂਦਾ। ਅਚਾਨਕ ਸਾਰੇ ਪੰਡਾਲ ਵਿਚ ਇਕ ਗਰਜ ਸੁਣਾਈ ਦਿਤੀ। ਸਤਿਗੁਰੂ ਜੀ ਕਹਿ ਰਹੇ ਸਨ : "ਮੇਰੀ ਇਹ ਤਲਵਾਰ ਖ਼ੂਨ ਦੀ ਪਿਆਸੀ ਹੈ, ਹੈ ਕੋਈ ਗੁਰੂ ਕਾ ਲਾਲ ਜੋ ਇਸ ਦੀ ਪਿਆਸ ਬੁਝਾ ਸਕੇ।

ਸਾਰੇ ਪੰਡਾਲ ਵਿਚ ਸੱਨਾਟਾ ਛਾ ਗਿਆ। ਸਤਿਗੁਰਾਂ ਨੇ ਇਕ ਸਿਰੇ ਤੋਂ ਦੂਜੇ ਸਿਰੇ ਤਕ ਨਜ਼ਰ ਮਾਰੀ। ਸਾਰੀਆਂ ਸੰਗਤਾਂ ਸਿਰ ਝੁਕਾਈ ਬੈਠੀਆਂ ਸਨ। ਦੂਜੀ ਵਾਰ ਫਿਰ ਅਵਾਜ਼ ਗੂੰਜੀ, ਤੀਜੀ ਵਾਰ ਫਿਰ।

ਦੂਰੋਂ ਇਕ ਗੁਰੂ ਕਾ ਸਿੱਖ ਉਠਿਆ। ਤੇਜ਼ੀ ਨਾਲ ਅਗੇ ਵਧਿਆ ਤੇ ਆਣ ਕੇ ਸਤਿਗੁਰਾਂ ਦੇ ਚਰਨਾਂ ਤੇ ਸੀਸ ਰੱਖ ਦਿਤਾ। ਗੁਰੂ ਜੀ ਉਸ ਨੂੰ ਤੰਬੂ ਵਿਚ ਲੈ ਗਏ। ਤਲਵਾਰ ਚੱਲਣ ਦੀ ਅਵਾਜ਼ ਤੇ ਤੰਬੂ ਤੋਂ ਬਾਹਰ ਵਗਦੀ ਖ਼ੂਨ ਦੀ ਧਾਰ ਨੇ ਕਮਜ਼ੋਰ ਦਿਲਾਂ ਨੂੰ ਹਿਲਾ ਦਿੱਤਾ। ਗੁਰੂ ਸਾਹਿਬ ਬਾਹਰ ਆਏ, ਫਿਰ ਉਸੇ ਤਰ੍ਹਾਂ ਦੀ ਅਵਾਜ਼ ਗੂੰਜੀ। ਇਕ ਹੋਰ ਸਿੱਖ ਉਠਿਆ, ਫਿਰ ਤੀਜੀ ਵਾਰ ਹੋਰ ਉਠਿਆ, ਚੌਥੀ ਵਾਰ ਇਕ ਹੋਰ ਤੇ ਪੰਜਵੀਂ ਵਾਰ ਇਕ ਹੋਰ। ਪੰਜਾਂ ਸਿੱਖਾਂ ਨੇ ਆਪਣੇ ਆਪ ਨੂੰ ਸਤਿਗੁਰਾਂ ਦੇ ਚਰਨਾਂ ਵਿਚ ਅਰਪਣ ਕਰ ਦਿਤਾ। ਇਹ ਸਨ ਭਾਈ ਦਇਆ ਰਾਮ (ਲਾਹੌਰ), ਭਾਈ ਧਰਮ ਦਾਸ (ਦਿਲੀ), ਭਾਈ ਹਿੰਮਤ ਰਾਇ (ਜਗਨਨਾਥ ਪੁਰੀ), ਭਾਈ ਮੋਹਕਮ ਚੰਦ (ਦਵਾਰਕਾ), ਤੇ ਭਾਈ ਸਾਹਿਬ ਚੰਦ (ਬਿਦਰ)। ਇਹ ਇਕ ਅਨੋਖੀ ਖੇਡ ਸੀ।

ਗੁਰੂ ਸਾਹਿਬ ਨੇ ਉਨ੍ਹਾਂ ਪੰਜਾਂ ਵੀਰਾਂ ਨੂੰ ਨਵਾਂ ਜੀਵਨ ਦਿਤਾ, ਅੰਮ੍ਰਿਤ ਦੀ ਦਾਤ ਦੇ ਕੇ ਪੰਜ ਪਿਆਰਿਆਂ ਦਾ ਸਨਮਾਨ ਬਖ਼ਸ਼ਿਆ ਅਤੇ ਆਪਣਾ ਰੂਪ ਬਣਾ ਦਿਤਾ, ਤੇ ਇਹਨਾਂ ਤੋਂ ਹੀ ਅੰਮ੍ਰਿਤ ਛਕ ਕੇ 'ਆਪੇ ਗੁਰ ਚੇਲਾ' ਬਣੇ।

ਸਤਿਗੁਰੂ ਕਲਗੀਧਰ ਜੀ ਨੇ ਜੋ ਖ਼ਾਲਸਾ ਸਾਜਿਆ, ਉਸ ਮਹਾਨ ਉਚੀ ਆਤਮਾ ਵਾਲੇ ਖਾਲਸੇ ਦੀ ਮਹਿਮਾ



www.AKJ.Org

ਆਪ ਨੇ ਇਉਂ ਬਿਆਨ ਕੀਤੀ ਹੈ–

"ਖ਼ਾਲਸਾ ਮੇਰੋ ਰੂਪ ਹੈ ਖ਼ਾਸ ॥ ਖ਼ਾਲਸੇ ਮਹਿ ਹੌਂ ਕਰੌਂ ਨਿਵਾਸ ॥
ਖ਼ਾਲਸਾ ਮੇਰੋ ਮੁਖ ਹੈ ਅੰਗਾ ॥ ਖ਼ਾਲਸੇ ਕੇ ਹੌਂ ਸਦ ਸਦ ਸੰਗਾ ॥
ਖਾਲਸਾ ਮੇਰੋ ਇਸ਼ਟ ਸੁਹਿਰਦ ॥ ਖਾਲਸਾ ਮੇਰੋ ਕਹੀਅਤ ਬਿਰਦ ॥
ਖ਼ਾਲਸਾ ਮੇਰੋ ਪਛ ਅਰ ਪਾਤਾ ॥ ਖ਼ਾਲਸਾ ਮੇਰੋ ਸੁਖ ਅਹਿਲਾਦਾ ॥
ਖ਼ਾਲਸਾ ਮੇਰੋ ਮਿੱਤਰ ਸਖਾਈ ॥ ਖ਼ਾਲਸਾ ਮਾਤ ਪਿਤਾ ਸੁਖਦਾਈ ॥
ਖ਼ਾਲਸਾ ਮੇਰੀ ਸੋਭਾ ਸੀਲਾ ॥ ਖ਼ਾਲਸਾ ਬੰਧ ਸਖਾ ਸਦ ਡੀਲਾ ॥
ਖ਼ਾਲਸਾ ਮੇਰੀ ਜਾਤ ਅਰ ਪਤ ॥ ਖ਼ਾਲਸਾ ਸੋਂ ਮਾ ਕੋ ਉਤਪਤ ॥
ਖ਼ਾਲਸਾ ਮੇਰੋ ਭਵਨ ਭੰਡਾਰਾ ॥ ਖ਼ਾਲਸੇ ਕਰ ਮੇਰੋ ਸਤਿਕਾਰਾ ॥
ਖ਼ਾਲਸਾ ਮੇਰੋ ਸਜਨ ਪ੍ਰਵਾਰਾ ॥ ਖ਼ਾਲਸਾ ਮੇਰੋ ਕਰਤ ਉਧਾਰਾ ॥
ਖ਼ਾਲਸਾ ਮੇਰੋ ਪਿੰਡ ਪਰਾਨ ॥ ਖ਼ਾਲਸਾ ਮੇਰੀ ਜਾਨ ਕੀ ਜਾਨ ॥
ਮਾਨ ਮਹਤ ਮੇਰੀ ਖ਼ਾਲਸਾ ਸਹੀ ॥ ਖ਼ਾਲਸਾ ਮੇਰੋ ਸ੍ਵਾਰਥ ਸਹੀ ॥
ਖ਼ਾਲਸਾ ਮੇਰੋ ਕਰੇ ਨਿਰਬਾਹਾ ॥ ਖ਼ਾਲਸਾ ਮੇਰੋ ਦੇਹ ਅਰ ਸਾਹਾ ॥
ਖ਼ਾਲਸਾ ਮੇਰੋ ਧਰਮ ਅਰ ਕਰਮ ॥ ਖ਼ਾਲਸਾ ਮੇਰੋ ਭੇਦ ਨਿਜ ਮਰਮ ॥
ਖ਼ਾਲਸਾ ਮੇਰੋ ਸਤਿਗੁਰ ਪੂਰਾ ॥ ਖ਼ਾਲਸਾ ਮੇਰੋ ਸੱਜਨ ਸੂਰਾ ॥
ਖ਼ਾਲਸਾ ਮੇਰੋ ਬੁਧ ਅਰ ਗਿਆਨ ॥ ਖ਼ਾਲਸੇ ਕਾ ਹੌਂ ਧਰੋਂ ਧਿਆਨ ॥ (ਸਰਬ ਲੋਹ ਗ੍ਰੰਥ)

ਇਤਨਾ ਸਨਮਾਨ ਅੱਜ ਤੱਕ ਕਿਸੇ ਨੇ ਵੀ ਆਪਣੇ ਅਨੁਆਈਆਂ ਨੂੰ ਨਹੀਂ ਦਿਤਾ।

ਜੋ ਵੀ ਇਥੇ ਆਇਆ ਉਸ ਨੇ ਆਪਣੇ ਆਪ ਨੂੰ ਖ਼ੁਦਾ, ਭਗਵਾਨ, ਪ੍ਰਮੇਸ਼ਰ ਪਰਗਟ ਕੀਤਾ। ਆਪਣੇ ਅਨੁਆਈਆਂ ਵਿਚ ਵਾਧਾ ਕਰਨ ਲਈ ਉਨ੍ਹਾਂ ਨੂੰ ਕਈ ਪ੍ਰਕਾਰ ਦੇ ਸੁਪਨੇ ਵਿਖਾਏ, ਕਈ ਭਰੋਸੇ ਦਿਤੇ, ਪਰ ਗੁਰੂ ਸਾਹਿਬ ਨੇ ਨਾ ਕਿਸੇ ਨੂੰ ਬਹਿਸ਼ਤਾਂ ਦੀ ਗਰੰਟੀ ਦਿਤੀ, ਨਾ ਹੂਰਾਂ ਦਾ ਲਾਲਚ ਵਿਖਾਇਆ, ਸਗੋਂ ਸਤਿਗੁਰਾਂ ਨੇ ਆਪਣੇ ਸਿੱਖਾਂ ਨੂੰ ਖੰਡੇ ਦੀ ਧਾਰ ਤੇ ਚੱਲਣ ਦਾ ਰਾਹ ਦਸਿਆ ਅਤੇ ਆਪ ਬਲੀਦਾਨ ਦੇ ਕੇ ਬਲੀਦਾਨਾਂ ਦਾ ਰਾਹ ਵਿਖਾਇਆ।

ਆਓ ! ਅੱਜ ਵਿਸਾਖੀ ਦੇ ਮਹਾਨ ਦਿਨ ਉਤੇ ਇਹ ਪ੍ਰਣ ਕਰੀਏ ਕਿ ਅਸੀਂ ਵਿਸਾਖੀ ਦੀ ਅਧਿਆਤਮਿਕ ਵਿਸ਼ੇਸ਼ਤਾ ਹਮੇਸ਼ਾ ਸਾਹਮਣੇ ਰੱਖਾਂਗੇ, ਕਿਉਂਕਿ ਇਹ ਪੁਰਬ ਸਾਨੂੰ ਰੱਖਿਆ ਦਾ ਬਲ ਪ੍ਰਦਾਨ ਕਰਦਾ ਹੈ ਅਤੇ ਸ਼ੁੱਧ ਤੇ ਪੂਰਨ ਬਣਨ ਦੀ ਪ੍ਰੇਰਨਾ ਬਖ਼ਸ਼ਦਾ ਹੈ।

---

[ਸਫ਼ਾ ੨੨ ਦੀ ਬਾਕੀ]

[ਭਾਵ, ਇਨ੍ਹਾਂ ਕੁੱਤਿਆਂ (ਸੱਗਾਂ) ਨੂੰ ਕੁੱਤੇ ਨਾ ਆਖੋ, ਸੱਚ ਪੁਛੋ ਤਾਂ ਇਹ ਸ਼ੇਰ ਹਨ। ਜਦ ਰਣ ਵਿਚ ਖੰਡਾ ਚਲਦਾ ਹੈ ਤਾਂ ਇਹ ਸ਼ੇਰਾਂ ਜਿਹੀ ਦਲੇਰੀ ਨਾਲ ਲੋਹਾ ਖੜਕਾਉਂਦੇ ਹਨ।]

(੭) ਜਿਵੇਂ ਸਿੱਖ ਨੂੰ 'ਗਰੀਬ ਦਾ ਮੂੰਹ, ਗੁਰੂ ਦੀ ਗੋਲਕ' ਕਰਕੇ ਜਾਨਣ ਦਾ ਆਦੇਸ਼ ਹੈ, ਓਸੇ ਤਰ੍ਹਾਂ ਰੱਖਿਆ ਤੇ ਸਹਾਇਤਾ ਕਰਨ ਲਈ ਵੀ ਕਿਸੇ ਦੀਨ-ਦੁਖੀ ਦੀ ਜ਼ਾਤ ਜਾਂ ਈਮਾਨ ਜਾਨਣ ਦੀ ਲੋੜ ਨਹੀਂ। ਕਸੂਰੀ ਬ੍ਰਾਹਮਣ ਦੀ ਫ਼ਰਿਆਦ ਉਤੇ ਕਸੂਰ ਮਾਰਨ ਅਤੇ ਉਸ ਦੀ ਬ੍ਰਾਹਮਣੀ ਪਠਾਣਾਂ ਤੋਂ ਵਾਪਸ ਦਿਵਾਉਣ ਦੀ ਘਟਨਾ ਸੂਰਜ ਵੱਤ ਰੋਸ਼ਨ ਹੈ। ਗੁਰੂ ਕੇ ਸਿੱਖ ਨੇ ਜ਼ਾਤ ਪਾਤ, ਨਸਲ ਤੇ ਮਜ਼ਹਬੀ ਵਿਤਕਰਿਆਂ ਤੋਂ ਉੱਪਰ ਉਠ ਕੇ, ਗੁਰਬਾਣੀ ਦੇ ਇਸ ਮਹਾਂਵਾਕ ਉਤੇ ਪਹਿਰਾ ਦੇਣਾ ਹੈ :–

ਜੋ ਸਰਣਿ ਆਵੈ ਤਿਸੁ ਕੰਠਿ ਲਾਵੈ, ਇਹੁ ਬਿਰਦੁ ਸੁਆਮੀ ਸੰਦਾ ॥੪॥੧॥੪॥

[ਬਿਹਾਗੜਾ ਮ: ੫, ਪੰਨਾ ੫੪੪



www.AKJ.Org

# ਜਦੋਂ ਜਦੋਂ ਦਸਮੇਸ਼ ਜੀ ਨੇ ਸਿਰ ਝੁਕਾਇਆ

(ਪ੍ਰਿੰਸੀਪਲ ਨਾਹਰ ਸਿੰਘ ਜੀ, ਕ੍ਰਿਸ਼ਨਾ ਨਗਰ, ਲੁਧਿਆਣਾ)

ਮਾਣ, ਸਤਿਕਾਰ ਦੀ ਕਥਨੀ-ਕਰਨੀ ਸਦਕਾ ਸਿਰ ਉੱਚਾ ਹੁੰਦਾ ਹੈ। ਮੰਦੇ ਬਚਨਾਂ ਤੇ ਕੁਕਰਮਾਂ ਕਾਰਨ ਸ਼ਰਮ ਤੇ ਲਜਾ ਨਾਲ ਸਿਰ ਨੀਵਾਂ ਹੁੰਦਾ ਹੈ। ਪਰ ਦਸਮੇਸ਼ ਜੀ ਨੇ ਅਕਾਲ ਪੁਰਖ ਦੇ ਹੁਕਮਾਂ, ਖਾਲਸੇ ਦੀਆਂ ਕੁਰਬਾਨੀਆਂ, ਸੰਗਤਾਂ ਦੇ ਮਾਣ-ਆਦਰ, ਮਰਯਾਦਾ ਦੇ ਸਤਿਕਾਰ ਅਤੇ ਗੁਰੂ ਗ੍ਰੰਥ ਸਾਹਿਬ ਦੀ ਸ਼ਰਨ ਵਿਚ ਸਿਰ ਝੁਕਾਇਆ। ਕਲਗੀਆਂ ਵਾਲੇ, ਬਾਜਾਂ ਵਾਲੇ, ਫ਼ੌਜਾਂ ਵਾਲੇ, ਧਰਮ ਰੱਖਿਅਕ, ਸਰਬੰਸ ਦਾਨੀ, ਪੰਥ ਦੇ ਵਾਲੀ, ਅੰਮ੍ਰਿਤ ਦੇ ਦਾਤੇ, ਸੰਤ ਸਿਪਾਹੀ, ਕਰਮਯੋਗੀ, ਰਾਜਯੋਗੀ ਨੇ ਆਪਣੇ ਮਹਾਨ, ਸੱਚੇ ਸੁੱਚੇ, ਸੁਚੱਜੇ ਜੀਵਨ ਵਿਚ ਉਪਰਲੇ ਕਥਨ ਅਨੁਸਾਰ ਪੰਜ ਵਾਰੀ ਸੀਸ ਨਿਵਾਇਆ :—

**੧. ਜਦੋਂ ਅਕਾਲ ਪੁਰਖ ਦੇ ਹੁਕਮ ਅੱਗੇ ਸਿਰ ਨਿਵਾਇਆ :—**

ਸ੍ਰੀ ਦਸਮੇਸ਼ ਜੀ ਬਚਿੱਤ੍ਰ ਨਾਟਕ ਛੇਵੇਂ ਅਧਿਆਇ ਵਿਚ ਫੁਰਮਾਉਂਦੇ ਹਨ :–

ਅਬ ਮੈਂ ਆਪਨੀ ਕਥਾ ਬਖਾਨੋ। ਤਪ ਸਾਧਤ ਜਿਹ ਬਿਧਿ ਮੁਹਿ ਆਨੋ।
ਹੇਮ ਕੁੰਟ ਪਰਬਤ ਹੈ ਜਹਾਂ। ਸਪਤ ਸ੍ਰਿੰਗ ਸੋਭਿਤ ਹੈ ਤਹਾਂ।੧।...
ਤਹ ਹਮ ਅਧਿਕ ਤਪੱਸਿਆ ਸਾਧੀ। ਮਹਾ ਕਾਲ ਕਾਲਿਕਾ ਆਰਾਧੀ।੨।
ਇਹ ਬਿਧਿ ਕਰਤ ਤਪਸਿਆ ਭਯੋ। ਦ੍ਵੈ ਤੇ ਏਕ ਰੂਪ ਹ੍ਵੈ ਗਯੋ...।੩।
[ਕਾਲਿਕਾ=ਪ੍ਰਭੂ ਦੀ ਮਹਾਨ ਸ਼ਕਤੀ]

ਗੁਰੂ ਸਾਹਿਬ ਦੀ 'ਅਧਿਕ ਤਪਸਿਆ' ਦੇ ਫਲ-ਸਰੂਪ, ਪ੍ਰਸੰਨ ਹੋ ਕੇ ਪਰਮਾਤਮਾ ਨੇ ਆਪਣੇ ਸਰੂਪ ਵਿਚ ਮਿਲਾ ਲਿਆ। ਠੀਕ ਇਸ ਸਮੇਂ, ਦਸਮੇਸ਼ ਜੀ ਦੇ ਮਾਤਾ ਪਿਤਾ ਦੀ ਘਾਲ ਕਮਾਈ ਤੋਂ ਪ੍ਰਸੰਨ ਹੋ ਕੇ ਪ੍ਰਭੂ-ਪਿਤਾ ਨੇ ਉਹਨਾ ਦੇ ਘਰ ਗੋਬਿੰਦ ਰਾਇ ਨੂੰ ਪ੍ਰਗਟ ਹੋਣ ਲਈ ਹੁਕਮ ਕੀਤਾ, ਜਿਸ ਦੀ ਗਵਾਹੀ ਬਚਿਤ੍ਰ ਨਾਟਕ ਵਿਚ ਗੁਰੂ ਜੀ ਆਪ ਭਰਦੇ ਹਨ :

ਤਾਤ ਮਾਤ ਮੁਰ ਅਲਖ ਆਰਾਧਾ। ਬਹੁ ਬਿਧਿ ਜੋਗ ਸਾਧਨਾ ਸਾਧਾ।੩।
ਤਿਨ ਜੋ ਕਰੀ ਅਲਖ ਕੀ ਸੇਵਾ। ਤਾ ਤੇ ਭਏ ਪ੍ਰਸੰਨ ਗੁਰਦੇਵਾ।
ਤਿਨ ਪ੍ਰਭ ਜਬ ਆਇਸ ਮੁਹਿ ਦੀਆ। ਤਬ ਹਮ ਜਨਮ ਕਲੂ ਮਹਿ ਲੀਆ।੪।

ਅਕਾਲ ਪੁਰਖ ਦਾ ਹੁਕਮ ਸੁਣ ਕੇ ਦਸਮੇਸ਼ ਜੀ ਸੋਚਦੇ ਹਨ :–

ਚਿਤ ਨ ਭਯੋ ਹਮਰੋ ਆਵਨ ਕਹ। ਚੁਭੀ ਰਹੀ ਸੁਰਤਿ ਪ੍ਰਭ ਚਰਨਨ ਮਹਿ।
ਜਿਉ ਤਿਉ ਪ੍ਰਭ ਹਮ ਕੋ ਸਮਝਾਯੋ। ਇਮ ਕਹਿ ਕੈ ਇਹ ਲੋਕ ਪਠਾਯੋ।੫।

ਅਕਾਲ ਪੁਰਖ ਨੇ ਫੁਰਮਾਇਆ ਕਿ ਸੰਸਾਰ ਵਿਚ ਬਥੇਰੀਆਂ ਦੇਵ-ਸ਼ਕਤੀਆਂ ਨੂੰ ਭੇਜਿਆ, ਪਰ :–

ਜਿਨਿ ਜਿਨਿ ਤਨਿਕ ਸਿਧ ਕੋ ਪਾਯੋ। ਤਿਨ ਤਿਨ ਅਪਨਾ ਰਾਹੁ ਚਲਾਯੋ।
ਪਰਮੇਸਰ ਨ ਕਿਨਹੂੰ ਪਹਿਚਾਨਾ। ਮਮ ਉਚਾਰ ਤੇ ਭਯੋ ਦਿਵਾਨਾ।੧੬।...
ਸਭ ਤੇ ਅਪਨਾ ਨਾਮੁ ਜਪਾਯੋ। ਸਤਿਨਾਮੁ ਕਾਹੂੰ ਨ ਦ੍ਰਿੜਾਯੋ।੨੭।
ਸਭ ਅਪਨੀ ਅਪਨੀ ਉਰਝਾਨਾ। ਪਾਰਬ੍ਰਹਮ ਕਾਹੂ ਨ ਪਛਾਨਾ।

ਪਰ ਅਕਾਲ ਪੁਰਖ ਨੇ ਧਰਮ ਦੀ ਸਥਾਪਨਾ ਦਾ ਮਹਾਨ ਕਾਰਜ ਗੁਰੂ ਜੀ ਨੂੰ ਸੌਂਪਿਆ ਤੇ ਪ੍ਰੇਰਨਾ ਕੀਤੀ :—

ਮੈਂ ਅਪਨਾ ਸੁਤ ਤੋਹਿ ਨਿਵਾਜਾ। ਪੰਥ ਪ੍ਰਚੁਰ ਕਰਬੇ ਕਹੁ ਸਾਜਾ।
ਜਾਹਿ ਤਹਾ ਤੈ ਧਰਮੁ ਚਲਾਇ। ਕਬੁਧਿ ਕਰਨ ਤੇ ਲੋਕ ਹਟਾਇ।੨੯।

ਪ੍ਰਭੂ-ਹੁਕਮ ਨੂੰ ਸਵੀਕਾਰ ਕਰਦੇ ਹੋਏ, ਗੋਬਿੰਦ ਰਾਇ ਜੀ ਨੇ ਸਿਰ ਨਿਵਾ ਕੇ ਸ਼ਕਤੀ ਮੰਗੀ :–



www.AKJ.Org

ਠਾਢ ਭਯੋ ਮੈਂ ਜੋਰਿ ਕਰੇ, ਬਚਨ ਕਹਾ ਸਿਰ ਨਿਆਇ।
ਪੰਥ ਚਲੈ ਤਬ ਜਗਤ ਮੈ, ਜਬ ਤੁਮ ਕਰਹੁ ਸਹਾਇ।੩।

ਦਸਮੇਸ਼ ਜੀ ਦੇ ਇਹਨਾਂ ਸ਼ਬਦਾਂ ਵਿਚ ਅੰਤਾਂ ਦੀ ਨਿਮਰਤਾ ਹੈ। ਸਿਰ ਨਿਵਾ ਕੇ ਸੰਸਾਰ ਅੰਦਰ ਮਹਾਨ ਧਰਮ-ਕਾਰਜ ਦੀ ਪੂਰਤੀ ਲਈ ਸਹਾਇਤਾ ਮੰਗੀ, ਜੋ ਮਿਲ ਗਈ। ਇਹ ਗੁਰੂ ਨਾਨਕ ਵਾਲੀ ਨਿਮਰਤਾ ਹੈ, "ਨਾਨਕੁ ਨੀਚੁ ਕਹੈ ਵੀਚਾਰੁ (ਪੰਨਾ ੪)।

ਦਸਮੇਸ਼ ਜੀ ਆਪ ਵੀ ਫੁਰਮਾਉਂਦੇ ਹਨ :-

ਜੋ ਹਮ ਕੋ ਪਰਮੇਸਰ ਉਚਰਿ ਹੈ। ਤੇ ਸਭ ਨਰਕ ਕੰਡ ਮਹਿ ਪਰਿ ਹੈਂ।
ਮੋ ਕੋ ਦਾਸ ਤਵਨ ਕਾ ਜਾਨੋ। ਯਾ ਮੈਂ ਭੇਦ ਨ ਰੰਚ ਪਛਾਨੋ।੩੨।
ਮੈ ਹੋ ਪਰਮ ਪੁਰਖ ਕੋ ਦਾਸਾ। ਦੇਖਨ ਆਯੋ ਜਗਤ ਤਮਾਸਾ।...੩੩। –ਬਚਿਤ੍ਰ ਨਾਟਕ

**੨. ਜਦੋਂ ਪੰਜਾਂ ਪਿਆਰਿਆਂ ਅੱਗੇ ਸੀਸ ਝੁਕਾਇਆ :—**

ਭਾਈ ਗੁਰਦਾਸ ਸਿੰਘ ਜੀ ਦੂਜੇ ਲਿਖਦੇ ਹਨ :-

ਗੁਰੁ ਸਿਮਰ ਮਨਾਈ ਕਾਲਕਾ ਖੰਡੇ ਕੀ ਵੇਲਾ। ਪੀਵਹੁ ਪਾਹੁਲ ਖੰਡੇਧਾਰ ਹੋਇ ਜਨਮ ਸੁਹੇਲਾ।੧।
(ਕਾਲਕਾ=ਵਾਹਿਗੁਰੂ ਤੇ ਉਸ ਦੀ ਮਹਾਨ ਸ਼ਕਤੀ)
ਗੁਰ ਸੰਗਤਿ ਕੀਨੀ ਖਾਲਸਾ ਮਨ ਮੁਖੀ ਦੁਹੇਲਾ। ਵਾਹ ਵਾਹ ਗੋਬਿੰਦ ਸਿੰਘ ਆਪੇ ਗੁਰ ਚੇਲਾ।੧।

ਪੰਜਾਂ ਪਿਆਰਿਆਂ ਨੂੰ ਅੰਮ੍ਰਿਤ ਛਕਾ ਕੇ ਦਸਮੇਸ਼ ਜੀ ਨੇ ਭਗਤੀ-ਸ਼ਕਤੀ ਦਾ ਮੇਲ ਕਰ ਕੇ ਸੰਤ ਸਿਪਾਹੀ ਬਣਾ ਕੇ ਸਿੱਖ ਸੰਗਤ ਨੂੰ ਖਾਲਸਾ ਪੰਥ ਬਣਾ ਦਿੱਤਾ। ਦਸਮੇਸ਼ ਜੀ ਨੇ ਪਰਚੰਡ ਅਗਨੀ ਵਾਂਗ ਕਿਰਪਾਨ ਦੀ ਤਿੱਖੀ ਧਾਰ ਦੀ ਕਰੜੀ ਪ੍ਰੀਖਿਆ ਵਿਚ ਸਫਲ ਹੋਏ ਪੰਜ ਸਿੱਖਾਂ ਨੂੰ, ਮਰਜੀਵੜਿਆਂ ਨੂੰ ਜੀਵਨ-ਮੁਕਤ ਕਰ ਕੇ ਸਿੰਘ ਦਾ ਰੂਪ ਦਿੱਤਾ। ਗੁਰੂ ਜੀ ਨੇ ਸਿੱਖੀ ਨੂੰ ਅੰਮ੍ਰਿਤ ਦੁਆਰਾ ਸੰਪੂਰਨਤਾ ਤੱਕ ਪੁਚਾਇਆ। ਖੰਡੇ ਦੇ ਅੰਮ੍ਰਿਤ ਤੋਂ ਬਿਨਾਂ ਸਿੱਖੀ ਅਧੂਰੀ ਤੇ ਅਪੂਰਨ ਦੱਸਦਿਆਂ ਹੋਇਆਂ ਰਹਿਤਨਾਮੇ ਵਿਚ ਲਿਖਿਆ ਹੈ :

"ਧਰੈ ਕੇਸ ਪਾਹੁਲ ਬਿਨਾਂ ਭੇਖੀ ਮੂਰਖ ਸਿਖ।"

ਸੋ ਗੁਰੂ ਜੀ ਆਪਣੇ ਆਪ ਨੂੰ ਅੰਮ੍ਰਿਤ ਤੋਂ ਵਾਂਝਿਆਂ ਕਿਵੇਂ ਰੱਖ ਸਕਦੇ ਸਨ। ਪੰਜਾਂ ਪਿਆਰਿਆਂ ਅੱਗੇ ਸੀਸ ਝੁਕਾ ਕੇ ਦੋਇ ਕਰ ਜੋੜਿ ਬੇਨਤੀ ਕੀਤੀ :–"ਮੈਨੂੰ ਵੀ ਅੰਮ੍ਰਿਤ ਦੀ ਦਾਤ ਬਖਸ਼ੋ।" ਪੰਜਾਂ ਪਿਆਰਿਆਂ, ਖੱਤਰੀਆਂ, ਜੱਟਾਂ, ਨਾਈਆਂ, ਛੀਂਬਿਆਂ ਤੇ ਝਿਊਰਾਂ ਦੀ ਅੰਮ੍ਰਿਤ ਸਦਕਾ ਇਖ਼ਲਾਕੀ ਜੁਰਅਤ ਤੇ ਸਵੈਮਾਨ ਇਤਨਾ ਬੁਲੰਦ ਹੋ ਚੁੱਕਾ ਸੀ ਕਿ ਆਖਣ ਲੱਗੇ, "ਸਿਰ ਦੇ ਕੇ ਅੰਮ੍ਰਿਤ ਦੀ ਪ੍ਰਾਪਤੀ ਕੀਤੀ ਹੈ, ਸਿਰ ਦੇਵੋ ਜੇ ਅੰਮ੍ਰਿਤ ਲੋੜੀਂਦਾ ਹੈ।"ਅੱਗੋਂ ਸਤਿਗੁਰੂ ਜੀ ਨੇ ਸਿਰੇ ਨਿਵਾ ਦਿੱਤਾ ਅਤੇ ਨਿਮਰਤਾ ਨਾਲ ਬੋਲੇ, "ਸਿਰ ਹਾਜ਼ਰ, ਸਰਬੰਸ ਵਾਰਾਂਗਾ, ਪਿਤਾ ਵਾਰ ਚੁੱਕਾ ਹਾਂ।"

ਪੰਜਾਂ ਪਿਆਰਿਆਂ ਨੇ ਸਤਿਗੁਰਾਂ ਨੂੰ ਅੰਮ੍ਰਿਤ ਛਕਾਇਆ, ਉਹ ਗੋਬਿੰਦ ਰਾਇ ਤੋਂ ਗੋਬਿੰਦ ਸਿੰਘ ਸਜ ਗਏ। ਧੰਨ ਗੁਰੂ ਗੋਬਿੰਦ ਸਿੰਘ, "ਆਪੇ ਗੁਰ ਚੇਲਾ"। ਖਾਲਸੇ ਦਾ ਆਪਣਾ ਨਿਵੇਕਲਾ ਰੂਪ ਹੈ :-

ਖਾਲਸਾ ਮੇਰੋ ਰੂਪ ਹੈ ਖ਼ਾਸ। ਖਾਲਸਾ ਮਹਿ ਹੌਂ ਕਰੋਂ ਨਿਵਾਸ।
ਖਾਲਸਾ ਮੇਰੋ ਮੁਖ ਹੈ ਅੰਗਾ। ਖਾਲਸੇ ਕੇ ਹੌਂ ਸਦ ਸਦ ਸੰਗਾ। [ਸਰਬ ਲੋਹ ਗ੍ਰੰਥ

**੩. ਜਦੋਂ ਗੁਰੂ ਜੀ ਨੇ ਸਿੱਖ ਸੰਗਤਾਂ ਅੱਗੇ ਸੀਸ ਝੁਕਾਇਆ :–**

੧੭੦੧ ਈਸਵੀਂ ਤੋ ਉਪਰੰਤ ਅਨੰਦਪੁਰ ਸਾਹਿਬ ਜੰਗਾਂ ਜੁਧਾਂ ਦਾ ਅਖਾੜਾ ਬਣ ਗਿਆ। ਲੜਾਈ ਜਾਰੀ ਰਹੀ, ਹਾਰ ਜਿੱਤ ਦਾ ਫ਼ੈਸਲਾ ਹੁੰਦਾ ਨਾ ਜਾਪੇ। ਪਹਾੜੀ ਇਲਾਕਾ ਉਜੜ ਚੁੱਕਾ ਸੀ। ਪਹਾੜੀ ਰਾਜਿਆਂ ਤੇ ਮੁਗਲ ਜਰਨੈਲਾਂ ਨੇ ਪੂਰਾ ਤਾਣ ਲਿਆ, ਪਰ ਕਿਲ੍ਹਾ ਸਰ ਨ ਹੋਇਆ। ਉਹਨਾਂ ਨੇ ਗੁਰੂ ਜੀ ਤੇ ਸਿੰਘਾਂ ਨੂੰ ਕਿਲ੍ਹੇ ਵਿਚੋਂ ਕੱਢਣ ਦੀ ਇਕ ਚਾਲ ਸੋਚੀ। ਉਹਨਾਂ ਨੇ ਕੁਰਾਨ ਅਤੇ ਗਊ ਮਾਤਾ ਦੀਆਂ ਕਸਮਾਂ ਖਾ ਕੇ ਪੱਤਰ ਲਿਖਿਆ ਕਿ


www.AKJ.Org

ਆਪ ਇਕ ਵਾਰੀ ਕਿਲ੍ਹਾ ਛੱਡ ਜਾਵੋ, ਸਾਡੀ ਪਤ ਰਹਿ ਜਾਵੇਗੀ। ਆਪ ਨੂੰ ਕੋਈ ਦੁੱਖ ਨਹੀਂ ਦਿੱਤਾ ਜਾਵੇਗਾ। ਆਪ ਫਿਰ ਆ ਜਾਇਓ। ਗਿਆਨੀ ਗਿਆਨ ਸਿੰਘ ਜੀ ਕਰਤਾ ਪੰਥ ਪ੍ਰਕਾਸ਼ ਇਉਂ ਲਿਖਦੇ ਹਨ :-

ਗਢ ਅਨੰਦ ਕੇ ਨੇੜੇ ਆਇ। ਸਕੈ ਨ ਸਤ੍ਰ ਕਿਸ ਹੀ ਭਾਇ।
ਪਰਬਤ ਪਰ ਗੜ੍ਹ ਥਾ ਗੁਰ ਕੇਰਾ। ਅਤਿ ਨੀਚੇ ਰਹਿ ਸੱਤ੍ਰਨ ਡੇਰਾ।......
ਕਬੀ ਕਬੀ ਸਿੰਘ ਕਰ ਕੇ ਹੱਲਾ। ਲੁਟ ਲੈ ਜਾਵੈ ਤੁਰਕਨ ਗੱਲਾ।
ਮੇਗਜ਼ੀਨ ਲੁਟਿਓ ਬਹੁ ਬਾਰੀ। ਔਰ ਸਾਮਾਨ ਅਨਕ ਪਰਕਾਰੀ।......
ਤਬ ਨ੍ਰਿਪਨ ਤੁਰਕੀ ਸਰਦਾਰਨ। ਪਠੇ ਪੈਗ਼ਾਮ ਗੁਰੂ ਢਿਗ ਸਾਰਿਨ।
ਕਸਮਾ ਨਿਜ ਨਿਜ ਇਸ਼ਟ ਉਠਾਈ। ਇਸ ਸ਼ਰਤ ਪਰ ਲਿਖਤਾਂ ਪਾਈ।
ਏਕ ਵਾਰ ਗੁਰੁ ਪੁਰ ਤਜ ਜਾਵੈਂ। ਲਾਜ ਹਮਾਰੀ ਤਬ ਰਹਿ ਆਵੈ।
ਜਾਨ ਮਾਲ ਲੈ ਜਾਹੁ ਸਲਾਮਤ। ਹਮ ਨ ਕਰੈਂ ਤੁਮਾਰੀ ਕੁਛ ਖ਼ਿਆਨਤ।
ਦੇਸ ਮਾਲਵੇ ਜਾਇ ਰਹਾਵੋ। ਫਿਰ ਬੇਸ਼ਕ ਇਤ ਆਇ ਬਸਾਵੋ। (ਪੰਥ ਪ੍ਰਕਾਸ਼-271-72)

ਓਧਰ ਬਹੁਤ ਸਾਰੀ ਸਿੱਖ ਫ਼ੌਜ ਸ਼ਹੀਦ ਹੋ ਗਈ। ਰਸਦ ਪਾਣੀ ਮਸਤਾਨੇ ਹੋ ਗਏ। ਸਾਲਾਂ ਬੱਧੀ ਲੜਾਈ ਨੇ ਸਿੱਖਾਂ ਨੂੰ ਚੂਰ ਚੂਰ ਕਰ ਦਿੱਤਾ। ਗੁਰੂ ਸਾਹਿਬ ਦੇ ਸਮਝਾਉਣ ਦੇ ਬਾਵਜੂਦ ਸਿੱਖਾਂ ਨੇ ਗੁਰੂ ਜੀ ਨੂੰ ਇਸ ਸਮੇਂ ਕਿਲ੍ਹਾ ਛੱਡਣ ਲਈ ਮਜਬੂਰ ਕੀਤਾ। ਕੁੱਝ ਸਿੰਘਾਂ ਨੇ ਤਾਂ ਬੇਦਾਵਾ ਵੀ ਲਿਖ ਦਿੱਤਾ। ਮਸੰਦਾਂ ਨੇ ਮਾਤਾ ਗੁਜਰੀ ਜੀ ਨੂੰ ਕਿਲ੍ਹਾ ਛੱਡਣ ਲਈ ਚਨੌਤੀ ਦਿੱਤੀ। ਗੁਰੂ ਜੀ ਨੇ ਬਥੇਰਾ ਆਖਿਆ ਕਿ ਪਹਾੜੀਆਂ ਤੇ ਮੁਗ਼ਲਾਂ ਦੀਆਂ ਕਸਮਾਂ ਝੂਠੀਆਂ ਹਨ-

ਇਕ ਤੋ ਸਤ੍ਰਨ ਸੁਲਾ ਚਹਾਈ। ਦੁਤੀ ਮਸੰਦਨ ਮਾਂਤ ਸਿਖਾਈ।
ਸੋ ਨਿਸ ਦਿਨ ਯੋਂ ਕੈਹੈ ਗੁਰੈ। ਚਲੇ ਮਾਲਵੇ ਤਜ ਇਸ ਪੁਰੈਂ।...
ਤੋ ਭੀ ਗੁਰ ਪੁਰ ਤਜਨ ਨ ਚੈਹੈਂ। ਕੱਚੇ ਸਿਖ ਮਸੰਦ ਅਕੈ ਹੈਂ।
ਗੁਰ ਜਨਨੀ ਕੋ ਜਾਇ ਡਰਾਵੈਂ। ਜਯੋਂ ਗੁਰ ਤੈ ਪੁਰ ਸੋ ਤਜਵਾਵੈਂ।(ਪੰਥ ਪ੍ਰਕਾਸ਼, ਪੰਨਾ 272-73

ਅੰਤ ਗੁਰੂ ਜੀ ਨੂੰ ਮਾਤਾ ਜੀ ਤੇ ਸਮੂਹ ਸੰਗਤ ਨੇ ਕਿਲ੍ਹਾ ਛੱਡਣ ਲਈ ਬੇਨਤੀ ਕੀਤੀ। ਗੁਰੂ ਜੀ ਨੇ ਇਸ ਬੇਨਤੀ ਅੱਗੇ ਸੀਸ ਝੁਕਾਇਆ, ਪਰ ਉਹ ਇਸ ਦੇ ਭੈੜੇ ਨਤੀਜੇ ਜਾਣਦੇ ਸਨ। ਸਿਦਕੀ ਸਿੰਘਾਂ ਨੂੰ ਵਰ ਦੇ ਕੇ ਕਿਲ੍ਹਾ ਛੱਡ ਦੇਣ ਦੀ ਤਿਆਰੀ ਕੀਤੀ।

ਦੋਹਰਾ-ਅਬ ਤੁਮ ਜੈਸੇ ਹੋਹਿੰਗੇ ਸਿਦਕੀ ਸਿਖੀ ਅਪਾਰ।
ਦੀਨ ਦੁਨੀ ਕੀ ਲੈਹੰਗੇ ਪਾਤਸ਼ਾਹੀ ਜਸ ਸਾਰ।੩੨। (ਪੰਥ ਪ੍ਰਕਾਸ਼-274)

**੪. ਜਦੋਂ ਮਰਯਾਦਾ ਅੱਗੇ ਸੀਸ ਨਿਵਾਇਆ :-**

8 ਪੋਹ ਸੰਮਤ 1761 ਨੂੰ ਚਮਕੌਰ ਦੀ ਗੜ੍ਹੀ ਤੋਂ ਚਾਲੀ ਨਿਹੱਥੇ, ਤਿੰਨਾਂ ਦਿਨਾਂ ਦੇ ਭੁੱਖੇ ਸਿੰਘ ਸ਼ੇਰਾਂ ਨੇ ਦਸ ਲੱਖ ਮੁਲਖਈਏ ਦਾ ਮੁਕਾਬਲਾ ਕੀਤਾ। ਗੜ੍ਹੀ ਦੀ ਹਰੇਕ ਕੰਧ ਤੇ ਅੱਠ ਅੱਠ ਸਿੰਘ ਨੀਯਤ ਕੀਤੇ। ਸਾਲਾਂ ਬੱਧੀ ਜੰਗ ਦੇ ਭੰਨੇ ਹੋਏ ਸ਼ੇਰਾਂ ਨੇ ਵੈਰੀ ਦੇ ਟਿੱਡੀ ਦਲ ਦਾ ਟਾਕਰਾ ਅਜਿਹੀ ਸੂਰਮਗਤੀ ਨਾਲ ਕੀਤਾ ਕਿ ਅਖ਼ੀਰ ਦਮ ਤੱਕ ਵੈਰੀ ਗੜ੍ਹੀ ਦੇ ਲਾਗੇ ਨਾ ਫਟਕ ਸਕੇ। ਚਾਲੀ ਸਿੰਘਾਂ ਨੇ ਦਸ ਲੱਖ ਮੁਲਖਈਏ ਨਾਲ ਸਾਰਾ ਦਿਨ ਜੰਗ ਜਾਰੀ ਰੱਖੀ। ਪੰਜ ਪੰਜ ਦੇ ਜਥੇ ਕਿਰਪਾਨਾਂ ਸੂਤ ਕੇ ਬਾਹਰ ਆਉਂਦੇ ਰਹੇ, ਜ਼ਾਲਮਾਂ ਦੇ ਆਹੂ ਲਾਹ ਲਾਹ ਕੇ ਸ਼ਹੀਦ ਹੁੰਦੇ ਰਹੇ। ਬਾਬਾ ਅਜੀਤ ਸਿੰਘ, ਬਾਬਾ ਜੁਝਾਰ ਸਿੰਘ ਤੇ ਪੰਜਾਂ ਪਿਆਰਿਆਂ ਵਿਚੋਂ ਭਾਈ ਮੁਹਕਮ ਸਿੰਘ, ਭਾਈ ਸਾਹਿਬ ਸਿੰਘ ਤੇ ਭਾਈ ਹਿੰਮਤ ਸਿੰਘ ਸ਼ਹੀਦ ਹੋ ਕੇ ਅਮਰਾਪਦ ਨੂੰ ਪ੍ਰਾਪਤ ਹੋਏ। ਭਾਈ ਜੀਵਨ ਸਿੰਘ ਰੰਘਰੇਟਾ, ਗੁਰੂ ਤੇਗ ਬਹਾਦਰ ਜੀ ਦਾ ਦਿੱਲੀ ਤੋਂ ਸੀਸ ਲਿਆਉਣ ਵਾਲਾ, ਬੱਬਰ ਸ਼ੇਰ ਵੀ ਕਈ ਵੀਹਾਂ ਜ਼ਾਲਮਾਂ ਨੂੰ ਮਾਰ ਕੇ ਇਥੇ ਹੀ ਸ਼ਹੀਦ ਹੋਇਆ। ਰਾਤ ਨੂੰ ਗੁਰੂ ਜੀ ਦੇ ਨਾਲ ਕੇਵਲ ਪੰਜ ਸਿੰਘ--ਦੋ ਪਿਆਰੇ ਭਾਈ



www.AKJ.Org

ਦਇਆ ਸਿੰਘ ਤੇ ਧਰਮ ਸਿੰਘ ਅਤੇ ਭਾਈ ਮਾਨ ਸਿੰਘ, ਭਾਈ ਸੰਤ ਸਿੰਘ ਤੇ ਭਾਈ ਸੰਗਤ ਸਿੰਘ ਜੀ ਰਹਿ ਗਏ। ਪੰਜ ਸਿੰਘਾਂ ਨੇ ਗੁਰੂ ਜੀ ਨੂੰ ਰਾਤ ਦੇ ਹਨ੍ਹੇਰੇ ਵਿਚ ਗੜ੍ਹੀ ਛੱਡ ਜਾਣ ਲਈ ਸਲਾਹ ਦਿੱਤੀ, ਤਾਂ ਜੁ ਪੰਥ ਨੂੰ ਚੜ੍ਹਦੀ ਕਲਾ ਵਿਚ ਵਧੇਰੇ ਪ੍ਰਫੁਲਤ ਕਰ ਸਕਣ। ਪਰ ਗੁਰੂ ਜੀ ਨਾ ਮੰਨੇ। ਅੰਤ ਪੰਜਾਂ ਸਿੰਘਾਂ ਨੇ ਆਖਿਆ ਕਿ ਸਾਡੇ ਵਰਗੇ ਤਾਂ ਹੋਰ ਬਥੇਰੇ, ਪਰ ਆਪ ਦੀ ਜੋਤਿ ਹਜ਼ਾਰਾਂ ਹੋਰਾਂ ਨੂੰ ਪਰਜ੍ਵਲਤ ਕਰੇਗੀ। ਪਰ ਗੁਰੂ ਜੀ ਨੇ ਫਿਰ ਨਾਂਹ ਕੀਤੀ। ਅੰਤ ਸਿੰਘਾਂ ਨੇ ਗੁਰੂ ਜੀ ਨੂੰ ਯਾਦ ਕਰਾਇਆ ਕਿ ਆਪ ਨੇ ਮਰਯਾਦਾ ਕਾਇਮ ਕੀਤੀ ਹੈ ਕਿ ਪੰਜ ਸਿੰਘ, ਗੁਰੂ ਦੀ ਓਟ ਲੈ ਕੇ ਜੋ ਫ਼ੈਸਲਾ, ਗੁਰਮਤਾ ਕਰਨ, ਉਹ ਪੰਜਾਂ ਪਿਆਰਿਆਂ ਦਾ ਫ਼ੈਸਲਾ ਹੋਵੇਗਾ ਤੇ ਆਪ ਉਸ ਨੂੰ ਪੰਥ ਦਾ ਹੁਕਮ ਸਮਝ ਕੇ ਪਰਵਾਨ ਕਰੋਗੇ। ਗੁਰੂ ਜੀ ਨੇ ਇਹ ਸਲਾਹ ਮੰਨ ਕੇ ਆਪਣੀ ਚਲਾਈ ਹੋਈ ਮਰਯਾਦਾ ਅੱਗੇ ਸੀਸ ਨਿਵਾਇਆ। ਪੰਜਾਂ ਸਿੰਘਾਂ ਨੂੰ ਆਪ, ਆਪਣੇ ਗੜ੍ਹੀ ਵਾਲੇ ਅਸਥਾਨ ਤੇ ਬੈਠਾਇਆ। ਆਪਣੀ ਕਲਗੀ ਭਾਈ ਸੰਤ ਸਿੰਘ ਨੂੰ ਸਜਾਈ, ਪੰਜਾਂ ਪਿਆਰਿਆਂ ਦੀ ਪਰਦਖਣਾ ਕੀਤੀ ਤੇ ਉਹਨਾਂ ਅੱਗੇ ਮੱਥਾ ਟੇਕਿਆ। ਇਸ ਤਰ੍ਹਾਂ ਆਪ ਨੇ ਗੁਰਤਾ ਪੰਥ ਨੂੰ ਦੇ ਕੇ ਮਰਯਾਦਾ ਅੱਗੇ ਸਿਰ ਝੁਕਾਇਆ। ਗਿਆਨੀ ਗਿਆਨ ਸਿੰਘ ਜੀ ਪੰਥ ਪ੍ਰਕਾਸ਼ ਪੰਨਾ 285-286 ਤੇ ਇਉਂ ਲਿਖਦੇ ਹਨ–

ਗੁਰੂ ਘਰ ਕੀ ਇਹ ਬਸਦੁ ਗੁਰਿਆਈ। ਦੇਵੋ ਅਬੀ ਖਾਲਸੇ ਤਾਂਈ।
ਯੋ ਵਿਚਾਰ ਸਿੰਘਨ ਦਿਸ ਹੇਰਾ। ਸੰਤ ਸਿੰਘ ਕੋ ਪੇਖ ਚੰਗੇਰਾ।
ਨਿਜ ਆਸਨ ਪਰ ਤਾਹਿ ਬਠਾਇ। ਤਿਲਕ ਗੁਰਿਆਈ ਦੀਨੋ ਲਾਇ।
ਨਿਜ ਦਸਤਾਰ ਸੀਸ ਸਜਵਾਈ। ਕਲਗੀ ਜਿਗਾ ਸਭੈ ਭੁਗਵਾਈ।
ਪੈਸੇ ਪਾਂਚ ਸ੍ਰੀ ਫਲ ਏਕ। ਧਰ ਆਗੇ ਦਿਯ ਮਸਤਕ ਟੇਕ।

ਸੋ ਰਾਤ ਨੂੰ ਗੁਰੂ ਜੀ ਤਿੰਨਾਂ ਸਿੰਘਾਂ, ਭਾਈ ਦਇਆ ਸਿੰਘ, ਭਾਈ ਧਰਮ ਸਿੰਘ ਤੇ ਭਾਈ ਮਾਨ ਸਿੰਘ ਨੂੰ ਨਾਲ ਲੈ ਗੜ੍ਹੀ ਛੱਡ ਗਏ। ਅਤੇ ਮਰਯਾਦਾ ਅੱਗੇ ਸੀਸ ਨਿਵਾਇਆ।

**੫. ਜਦੋਂ ਗੁਰੂ ਗ੍ਰੰਥ ਸਾਹਿਬ ਅੱਗੇ ਮੱਥਾ ਟੇਕਿਆ :–**

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਜੋਤੀ ਜੋਤਿ ਸਮਾਉਣ ਤੋਂ ਤਿੰਨ ਦਿਨ ਪਹਿਲਾਂ ਕੱਤਕ ਸੁਦੀ ਪੰਜਵੀਂ ਸੰਮਤ 1765–ਮੁਤਾਬਿਕ 7 ਅਕਤੂਬਰ, ਸੰਨ 1708 ਨੂੰ ਨੰਦੇੜ ਅਬਚਲ ਨਗਰ, ਹਜ਼ੂਰ ਸਾਹਿਬ ਵਿਖੇ ਪੂਰਨ ਮਰਯਾਦਾ ਅਨੁਸਾਰ ਪਹਿਲੇ ਦੇਹਧਾਰੀ ਗੁਰੂਆਂ ਵਾਂਗ ਹੀ ਖਾਲਸਾ ਪੰਥ ਨੂੰ ਜੁਗੋ ਜੁਗ ਅਟਲ ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਲੜ ਲਾਇਆ ਅਤੇ ਗੁਰੂ ਗ੍ਰੰਥ ਨੂੰ ਗੁਰਗੱਦੀ ਦੀ ਸੌਂਪਣਾ ਕੀਤੀ। ਗੁਰੂ ਜੀ ਨੇ ਪੰਜ ਪੈਸੇ, ਨਰੇਲ ਅੱਗੇ ਰਖ ਕੇ, ਸਿਰ ਨਿਵਾ ਕੇ, ਸ਼ਰਧਾ ਸਹਿਤ ਮੱਥਾ ਟੇਕਿਆ ਤੇ ਪੰਜ ਪਰਕਰਮਾਂ ਕਰ ਕੇ, ਸਿੱਖਾਂ ਨੂੰ ਸੰਬੋਧਨ ਕੀਤਾ ਕਿ ਗੁਰੂ ਦੀ ਸਰਬ ਸ਼ਕਤੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਹੈ। ਸ਼ਬਦ ਗੁਰੂ ਹੈ, ਗ੍ਰੰਥ ਤੇ ਪੰਥ ਦਾ ਮਾਲਿਕ ਸ਼ਬਦ ਹੈ, ਗੁਰੂ ਦਰਸ਼ਨ ਲਈ ਸ਼ਬਦ ਦੇ ਦਰਸ਼ਨ ਕਰੋ। ਗੁਰਬਾਣੀ ਰਾਹੀਂ ਸ਼ੱਕ-ਸ਼ੰਕੇ ਨਵਿਰਤ ਕਰੋ। ਗਿਆਨੀ ਗਿਆਨ ਸਿੰਘ ਜੀ ਪੰਥ ਪ੍ਰਕਾਸ਼ ਸਫ਼ਾ 353 ਤੇ ਲਿਖਦੇ ਹਨ :–

ਪੈਸੇ ਪਾਂਚ ਨਲੇਰ ਲੈ ਤਿਸ ਅਗਰ ਟਿਕਾਯੋ। ਕਰ ਪ੍ਰਕਰਮਾਂ ਗੁਰੂ ਜੀ ਨਿੱਜ ਮਾਥ ਝੁਕਾਯੋ।
ਗੁਰੂ ਗ੍ਰੰਥ ਕੋ ਗੁਰੂ ਥਪਿਓ ਕੁਣਕਾ ਬਟਵਾਯੋ। ਸ੍ਰੀ ਮੁਖ ਤੇ ਸਭ ਸਿਖਨ ਕੋ ਇਮ ਹੁਕਮ ਸੁਨਾਯੋ।
ਤਥਾ ਹੀ ਸ੍ਰੀ ਮੁਖਵਾਕ–ਦੋਹਿਰਾ
ਆਗਿਆ ਭਈ ਅਕਾਲ ਕੀ ਤਬੈ ਚਲਾਯੋ ਪੰਥ। ਸਭ ਸਿਖ ਕੋ ਹੁਕਮ ਹੈ ਗੁਰੂ ਮਾਨੀਓ ਗ੍ਰੰਥ।
ਗੁਰੂ ਗ੍ਰੰਥ ਕੋ ਮਾਨੀਓ ਪ੍ਰਗਟ ਗੁਰਾਂ ਕੀ ਦੇਹ। ਜੋ ਪ੍ਰਭ ਕੋ ਮਿਲਬੋ ਚਹੈ ਖੋਜ ਸਬਦ ਮੈ ਲੇਹ।

ਸੋ ਦਸਮੇਸ਼ ਜੀ ਨੇ ਅਕਾਲ ਪੁਰਖ, ਸਿੱਖ ਸੰਗਤ, ਪੰਜ ਪਿਆਰਿਆਂ, ਮਰਯਾਦਾ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੱਗੇ ਨਿਮਰਤਾ ਸਹਿਤ ਸਿਰ ਨਿਵਾਇਆ। ਸੱਚੇ ਪਾਤਸ਼ਾਹ ਜੀ ! ਹੁਣ ਦੇ ਸਿੱਖਾਂ ਨੂੰ ਰਾਹ ਪਾਉ, ਜੇ ਨਾਬਰ ਹਨ ਤਾਂ ਸੋਧ ਦਿਉ।


www.AKJ.Org

# ਜਾਪੁ ਸਾਹਿਬ, ਤ੍ਵਪ੍ਰਸਾਦਿ ਸਵਯੇ, ਬੇਨਤੀ ਚੌਪਈ ਅਤੇ ਸੋਹਿਲਾ ਬਾਰੇ

## ਮਾਡਲ ਪ੍ਰਸ਼ਨ-ਪੱਤਰ ਦੇ ਉਤਰ

[ਨੋਟ : 'ਸੂਰਾ' ਜਨਵਰੀ ੧੯੯੯ ਵਿਚ ਉਪਰੋਕਤ ਬਾਣੀਆਂ ਬਾਰੇ ਲੜੀਂਦੀ ਵਾਕਫ਼ੀ ਦੇ ਕੇ ਅੰਤ ਵਿਚ ਮਾਡਲ ਪ੍ਰਸ਼ਨ-ਪੱਤਰ ਦਿਤਾ ਗਿਆ ਸੀ, ਜਿਸ ਦੇ ਉਤਰ ਹੇਠਾਂ ਦਿਤੇ ਜਾ ਰਹੇ ਹਨ ।]

**ਪ੍ਰਸ਼ਨ ਨੰ: (੧)** ਸ੍ਰੀ ਜਾਪੁ ਸਾਹਿਬ, ਤ੍ਵ ਪ੍ਰਸਾਦਿ ਸਵਯੇ ਅਤੇ ਬੇਨਤੀ ਚੌਪਈ ਤਿੰਨੇ ਬਾਣੀਆਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਸਵੇਂ ਸਤਿਗੁਰੂ ਜੀ ਦੀ ਰਚਨਾ ਹਨ । ਇਨ੍ਹਾਂ ਬਾਣੀਆਂ ਦੇ ਕੇਂਦਰੀ ਭਾਵ ਹੇਠ ਲਿਖੇ ਅਨੁਸਾਰ ਹਨ ।

**ਜਾਪੁ ਸਾਹਿਬ ਦਾ ਕੇਂਦਰੀ ਭਾਵ :–**

ਸ੍ਰੀ ਜਾਪੁ ਸਾਹਿਬ ਅਕਾਲ ਪੁਰਖ ਦੇ ਕਰਮ-ਨਾਮਾਂ ਦੇ ਅਧਾਰ ਤੇ ਉਸ ਦਾ ਸ਼ਬਦੀ ਚਿਤ੍ਰ ਪ੍ਰਸਤੁਤ ਕਰਦਾ ਹੈ। ਇਹ ਨਿਰੋਲ ਉਸਤਤਿ ਦੀ ਬਾਣੀ ਹੈ। ਇਸ ਤੋਂ ਵਿਦਤ ਹੁੰਦਾ ਹੈ ਕਿ–

ਕਰਤਾ ਪੁਰਖ ਕੇਵਲ ਇਕ ਹੈ । ਉਹ ਸਰਬ-ਸ਼ਕਤੀਮਾਨ ਤੇ ਸਰਬ-ਕਲਾ ਸਮਰੱਥ ਹੈ । ਹੋਰ ਕੋਈ ਉਸ ਦਾ ਸਾਨੀ ਨਹੀਂ । ਕਰਤਾ ਪੁਰਖ ਦੀ ਹੋਂਦ ਆਪਣੇ ਆਪ ਤੋਂ .ਹੈ, ਅਥਵਾ, ਉਹ ਸੁਤੇ ਪ੍ਰਕਾਸ਼ ਹੈ ਤੇ ਜਨਮ ਮਰਨ ਤੋਂ ਰਹਿਤ ਹੈ।

ਵਾਹਿਗੁਰੂ ਅਦ੍ਰਿਸ਼ਟ ਹੈ, ਪਰ ਇਹ ਨਾਨਾ-ਪ੍ਰਕਾਰੀ ਦ੍ਰਿਸ਼ਟਮਾਨ ਰਚਨਾ ਉਸ ਨੇ ਹੀ ਰਚੀ ਹੋਈ ਹੈ, ਜਿਸ ਵਿਚ ਉਹ ਪੂਰਨ ਤੌਰ ਤੇ ਇਕ-ਰਸ ਵਿਆਪਕ ਹੋ ਰਿਹਾ ਹੈ । ਰਚਨਾ ਦੇ ਰਚਣਹਾਰ ਹੋਣ ਦੇ ਨਾਤੇ ਉਹ ਨਿਰਵੈਰ ਹੈ ।

ਉਸ ਦੇ ਦੋ ਸਰੂਪ ਮਿਥੇ ਗਏ ਹਨ । ਪਹਿਲਾ ਅਦ੍ਰਿਸ਼ਟ ਨਿਰਗੁਨ ਸਰੂਪ, ਜਿਸ ਦਾ ਕੋਈ ਮਾਦੀ ਵਜੂਦ, ਰੂਪ, ਰੇਖ, ਭੇਖ, ਰੰਗ, ਜਾਤ, ਪਾਤ, ਨਾਮ, ਠਾਮ, ਦੇਸ਼, ਵੇਸ ਆਦਿ ਨਹੀਂ । ਇਹ ਨਿਰਗੁਨ ਸਰੂਪ ਮਾਇਆ ਦੇ ਤਿੰਨਾਂ ਗੁਣਾਂ ਤੋਂ ਅਤੀਤ ਹੈ । ਦੂਜਾ ਸਰਗੁਨ ਸਰੂਪ ਹੈ, ਜੋ ਵਖ ਵਖ ਨਾਮਾਂ, ਜਾਤਾਂ, ਰੂਪਾਂ, ਰੰਗਾਂ ਵਿਚ ਦ੍ਰਿਸ਼ਟਮਾਨ ਹੈ । ਦ੍ਰਿਸ਼ਟਮਾਨ ਸਰਗੁਨ ਸਰੂਪ ਦੇ ਮੋਟੇ ਤੌਰ ਤੇ ਤਿੰਨ ਹਿਸੇ ਹਨ : ਰਜੋ ਤਮੋ ਅਤੇ ਸਤੋ । ਸਰਗੁਨ ਸਾਰੀ ਰਚਨਾ ਉਤਪਤੀ, ਪ੍ਰਗਤੀ ਅਤੇ ਵਿਨਾਸ਼ ਵਿਚ ਹੈ, ਪਰ ਨਿਰਗੁਨ ਬ੍ਰਹਮ ਅਜਨਮ, ਇਕ-ਰਸ ਅਤੇ ਅਬਿਨਾਸ਼ੀ ਹੈ ।

ਵਾਹਿਗੁਰੂ ਸਾਰੇ ਜੀਵ-ਜੰਤੂਆਂ ਦਾ ਰਚਨਹਾਰ (ਕਰਤਾ), ਪਾਲਨਹਾਰ (ਭਰਤਾ) ਅਤੇ ਮਾਰਨਹਾਰ (ਹਰਤਾ) ਹੈ ।

ਦ੍ਰਿਸ਼ਟੀਮਾਨ ਜੋ ਕੁਝ ਵੀ ਮਨੁਖੀ ਮਨ ਨੂੰ ਪ੍ਰਭਾਵਤ ਕਰਦਾ ਹੈ, ਸੁੰਦਰ ਜਾਂ ਕਰੂਪ, ਸੁਖਦਾਈ ਜਾਂ ਦੁਖਦਾਈ, ਉਸ ਸਭ ਕੁਝ ਦਾ ਸੋਮਾ ਕਰਤਾ ਪੁਰਖ ਆਪ ਹੈ ।

ਸ੍ਰੀ ਜਾਪੁ ਸਾਹਿਬ ਵਿਚ ਕਰਤਾ ਪੁਰਖ ਦੇ ਨਿਰਗੁਨ ਅਤੇ ਸਰਗੁਨ ਸਰੂਪ ਦੇ ਵਖ ਵਖ ਕਰਮ-ਨਾਮ ਵਰਨਣ ਕਰ ਕੇ, ਉਸ ਨੂੰ ਬਾਰੰ ਬਾਰ ਨਮਸਕਾਰ ਕੀਤੀ ਹੋਈ ਹੈ ।

**ਤ੍ਵ ਪ੍ਰਸਾਦਿ ਸਵਯੇ ਬਾਣੀ ਦਾ ਕੇਂਦਰੀ ਭਾਵ—**

'ਤ੍ਵ ਪ੍ਰਸਾਦਿ ਸਵਯੇ' ਨਾਮ ਦੀ ਬਾਣੀ ਜੀਵ ਦੀ ਸੁਰਤੀ ਨੂੰ ਕਰਮ-ਕਾਂਡ ਅਤੇ ਮਾਇਕੀ ਐਸ਼ਵਰਜ ਵਲ ਲਗਾਉ ਤੋਂ ਹੋੜ ਕੇ ਸਰਬ-ਸ਼ਕਤੀਮਾਨ ਤੇ ਸਰਬ-ਕਲਾ ਸਮਰੱਥ ਅਕਾਲ ਪੁਰਖ ਦੇ ਚਰਨਾਂ ਨਾਲ ਜੋੜਦੀ ਹੈ ।

ਪ੍ਰਭੂ-ਪ੍ਰੀਤੀ ਦੇ ਟਾਕਰੇ ਤੇ ਅਨਿਕ ਪ੍ਰਕਾਰੀ ਕਰਮ-ਕਾਂਡ, ਜਿਹਾ ਕਿ ਤੀਰਥ-ਇਸ਼ਨਾਨ, ਸੁਚ ਸੰਜਮ, ਜਤ ਸਤ, ਦਇਆ, ਦਮ, ਦਾਨ, ਨੇਮ ਆਦਿ, ਇਹ ਸਾਰੇ ਤੁਛ ਹਨ ਤੇ ਕਿਸੇ ਲੇਖੇ ਨਹੀਂ ।

ਮਾਇਕੀ ਐਸ਼ਵਰਜ, ਜਿਵੇਂ ਕਿ ਰਾਜ ਸਾਜ, ਜਾਹੋ ਜਲਾਲ, ਲਾਉ ਲਸ਼ਕਰ, ਧਨ ਦੌਲਤ, ਹਾਥੀ ਘੋੜੇ, ਇਤ ਆਦਿ, ਐਸ਼ੋ-ਇਸ਼ਰਤ ਤੇ ਸਾਜੋ ਸਮਾਨ ਨਾਸ਼ਮਾਨ ਹਨ ਤੇ ਅੰਤ ਨੇ ਮਨੁਖ ਦੇ ਨਾਲ ਨਹੀਂ ਨਿਭਦੇ । ਪ੍ਰਭੂ-ਕਿਰਪਾ ਤੋਂ ਵਾਂਜੇ ਵਡੇ ਵਡੇ ਸ਼ਕਤੀਸ਼ਾਲੀ ਰਾਜਿਆਂ ਨੂੰ ਵੀ ਇਥੋਂ ਹੱਥ ਝਾੜ ਕੇ ਕੂਚ ਕਰਨਾ ਪੈਂਦਾ ਹੈ ।

ਸਰੀਰਕ ਬਲ, ਬਹਾਦਰੀ ਤੇ ਧਨ-ਸੰਪਤੀ ਸਭ ਕਾਸੇ ਦਾ ਦਾਤਾ ਕੇਵਲ ਅਕਾਲ ਪੁਰਖ ਹੈ, ਬਾਕੀ ਸਾਰੇ



www.AKJ.Org

ਉਸ ਦੇ ਦਰ ਦੇ ਮੰਗਤੇ ਹਨ।

ਅਕਾਲ ਪੁਰਖ ਦੀ ਅਜ਼ਲੀ ਰਜ਼ਾ ਵਿਚ ਸਾਰੇ ਸਤ-ਪੁਰਸ਼ ਪ੍ਰਸੰਨ-ਚਿਤ ਵਿਚਰਦੇ ਹਨ ਤੇ ਵਿਚਰਦੇ ਰਹਿਣਗੇ। ਉਹਨਾਂ ਦੀ ਸਦਾ ਜੈ ਅਤੇ ਉਹਨਾਂ ਦਾ ਮੰਦਾ ਚਿਤਵਣ ਵਾਲੇ ਦੁਸ਼ਟਾਂ ਦੀ ਸਦਾ ਖੈ ਹੁੰਦੀ ਆਈ ਹੈ ਤੇ ਹੁੰਦੀ ਰਵ੍ਹੇਗੀ।

ਵਿਖਾਵੇ ਦੇ ਕਰਮਾਂ ਨਾਲ ਮਨਾਂ ਦੀ ਮੈਲ ਨਹੀਂ ਧੁਪਦੀ, ਚਿਤ ਬਿਰਤੀ ਵਿਸ਼ੈਣੀ (ਵਿਸ਼ੇ-ਪੂਰਤ) ਹੀ ਰਹਿੰਦੀ ਹੈ। ਪ੍ਰਭੂ-ਪ੍ਰਾਪਤੀ ਦਾ ਸਫ਼ਲ ਉਪਰਾਲਾ ਕੇਵਲ ਪ੍ਰੇਮ ਹੈ।

ਮੂਰਤੀ ਜਾਂ ਸ਼ਿਵ ਲਿੰਗ ਦੀ ਪੂਜਾ ਕਰਨੀ, ਕਬਰਸਤਾਨ ਦੀ ਪ੍ਰਸਤਸ਼ ਕਰਨੀ, ਅਠਾਮ ਵਾਹਿਗੁਰੂ ਦੀ ਹੋਂਦ-ਹਸਤੀ ਨੂੰ ਕਿਸੇ ਵਿਸ਼ੇਸ਼ ਸਥਾਨ ਜਾਂ ਦਿਸ਼ਾ ਵਿਚ ਸੀਮਤ ਕਰਨਾ, ਇਹ ਸਭ ਕੂਰ-ਕਿਰਿਆ ਹੈ, ਜਿਸ ਵਿਚ ਸਾਰਾ ਜਗਤ ਗ੍ਰਸਿਆ ਪਿਆ ਹੈ। ਇਸ ਨਾਲ ਪ੍ਰਭੂ ਦਾ ਭੇਦ ਨਹੀਂ ਲਭ ਸਕਦਾ।

**'ਬੇਨਤੀ ਚੌਪਈ' ਬਾਣੀ ਦਾ ਕੇਂਦਰੀ ਭਾਵ :–**

ਜਿਵੇਂ ਇਸ ਬਾਣੀ ਦੇ ਸਿਰਲੇਖ ਤੋਂ ਹੀ ਵਿਦਤ ਹੈ, ਇਹ ਬਾਣੀ 'ਬੇਨਤੀ' ਹੈ। ਇਸ ਵਿਚ ਅਕਾਲ ਪੁਰਖ ਤੋਂ ਯਾਦਨਾ ਕੀਤੀ ਗਈ ਹੈ। ਬੇਨਤੀ ਦੀਆਂ ਪ੍ਰਮੁਖ ਮੰਗਾਂ ਇਹ ਹਨ–

(ੳ) ਮੇਰੀ ਅਤੇ ਮੇਰੇ ਸਿਖ ਪਰਵਾਰ ਦੀ ਦੁਸ਼ਟ-ਦੋਖੀਆਂ ਅਤੇ ਕਾਲ ਦੇ ਭੈ ਤੋਂ ਰਖਿਆ ਹੋਵੇ। ਦੁਸ਼ਟ-ਦੋਖੀਆਂ ਦਾ ਨਾਸ ਹੋਵੇ।

(ਅ) ਅਕਾਲ ਪੁਰਖ ਦੇ ਭਜਨ ਦੀ ਦਾਤਿ, ਅਥਵਾ, ਚਰਨਾਂ ਦੀ ਪ੍ਰੀਤ ਪ੍ਰਾਪਤ ਹੋਵੇ।

(ੲ) ਅਕਾਲ ਪੁਰਖ ਉਤੇ ਪੂਰਨ ਸ਼ਰਧਾ ਅਤੇ ਦ੍ਰਿੜ੍ਹ ਨਿਸਚੇ ਦੀ ਦਾਤਿ ਮਿਲੇ।

(ਸ) ਜੀਵਨ ਦੇ ਹਰ ਪੱਖ ਵਿਚ ਸਹਾਇਤਾ ਹੋਵੇ।

ਚੌਪਈ ਵਿਚ ਹੇਠ ਲਿਖੇ ਨੁਕਤੇ ਵੀ ਸਪੱਸ਼ਟਾਏ ਗਏ ਹਨ–

(ੳ) ਇਸ ਕਾਲ ਦੇ ਤਮਾਸ਼ੇ ਵਿਚ ਮਨੁਖ ਤਾਂ ਕੀ, ਬ੍ਰਹਮਾ, ਬਿਸ਼ਨ, ਮਹੇਸ਼ ਵੀ ਕਾਲ-ਵਸ ਹਨ।

(ਅ) ਗੁਰੂ ਉਹ ਪਰਮ ਹਸਤੀ ਹੈ ਜੋ ਸ੍ਰਿਸ਼ਟੀ ਦੇ ਆਦਿ ਵਿਚ ਵੀ ਮੌਜੂਦ ਸੀ ਤੇ ਅੰਤ ਵਿਚ ਵੀ ਰਵ੍ਹੇਗੀ।

(ੲ) ਸੰਸਾਰ-ਰਚਨਾ ਪ੍ਰਭੂ ਦੇ ਆਪਣੇ ਹੁਕਮ ਵਿਚ ਚਾਰ ਖਾਣੀਆਂ (ਅੰਡਜ, ਜੇਰਜ, ਸੇਤਜ, ਉਤਭੁਜ) ਦੁਆਰਾ ਹੋਈ ਹੈ।

(ਸ) ਸੰਸਾਰ ਦੀ ਪ੍ਰਥਮ ਸਿਰਜਨਾ ਬਾਰੇ ਕਿਸੇ ਨੂੰ ਗਿਆਨ ਨਹੀਂ। ਕਰਤਾ ਪੁਰਖ ਜਦ ਚਾਹੇ, ਆਪਣੀ ਉਦਕਰਖਣ ਸ਼ਕਤੀ ਦੁਆਰਾ ਨਾਨਾ ਪ੍ਰਕਾਰੀ ਰਚਨਾ ਨੂੰ ਹੋਂਦ ਵਿਚ ਲੈ ਆਂਦਾ ਹੈ ਅਤੇ ਆਪਣੀ ਰਜ਼ਾ ਵਿਚ 'ਆਕਰਖਣ' ਸ਼ਕਤੀ ਦੀ ਵਰਤੋਂ ਕਰ ਕੇ ਸਾਰੀ ਦ੍ਰਿਸ਼ਟਮਾਨ ਰਚਨਾ ਨੂੰ ਆਪਣੇ ਵਿਚ ਲੀਨ ਕਰ ਲੈਂਦਾ ਹੈ।

(ਹ) ਦੁਖ ਸੁਖ ਤੋਂ ਨਿਰਲੇਪ ਵਾਹਿਗੁਰੂ ਸੰਤਾਂ ਦੇ ਦੁਖੀ ਕੀਤੇ ਜਾਣ ਤੇ ਦੁਖ ਅਨਭਵ ਕਰਦਾ ਹੈ ਅਤੇ ਉਨ੍ਹਾਂ ਦੇ ਸੁਖੀ ਹੋਣ ਤੇ ਸੁਖ ਮਹਿਸੂਸ ਕਰਦਾ ਹੈ।

(ਕ) ਏਕੰਕਾਰ ਨਿਰਗੁਨ ਅਕਾਲ ਪੁਰਖ ਹੀ ਆਪਣੀ ਰਜ਼ਾ ਵਿਚ ਸਰਗੁਨ ਰਚਨਾ ਰਚ ਕੇ ਕਿਤੇ ਅਮੀਰ ਹੋਈ ਬੈਠਾ ਹੈ, ਕਿਤੇ ਕੰਗਾਲ। ਕਰਤਾ ਪੁਰਖ ਆਪ ਹੀ ਕਿਤੇ ਬ੍ਰਹਮਾ ਬਣਿਆ ਹੋਇਆ ਹੈ, ਕਿਤੇ ਬਿਸ਼ਨ ਅਤੇ ਕਿਤੇ ਮਹੇਸ਼। ਇਹ ਤ੍ਰਿਮੂਰਤੀ (ਬ੍ਰਹਮਾ, ਬਿਸ਼ਨ ਤੇ ਮਹੇਸ਼) ਵਾਹਿਗੁਰੂ ਦੀ ਸਾਜੀ ਹੋਈ ਹੈ ਅਤੇ ਹੁਕਮ ਵਿਚ ਕਾਰ ਕਰਦੀ ਹੈ। ਸਦਾ-ਸ਼ਿਵ (ਸਦਾ ਥਿਰ ਰਹਿਣ ਵਾਲਾ) ਵਾਹਿਗੁਰੂ ਹੈ, ਮਹਾਂਦੇਉ ਨਹੀਂ। ਪੱਥਰ ਦੀ ਮੂਰਤੀ ਨੂੰ ਪ੍ਰਮਾਤਮਾ ਜਾਨਣਾ ਮਹਾਂ ਮੂਰਖਤਾ ਹੈ।

(ਖ) ਸ੍ਰੀ ਅਸਿਧੁਜ, ਸ੍ਰੀ ਅਸਕੇਤ, ਖੜਗਕੇਤ ਆਦਿ ਸਰਨਾਵਾਂ ਵਾਲਾ ਅਕਾਲ ਪੁਰਖ ਸਰਬ-ਸ਼ਕਤੀਮਾਨ ਹੈ, ਉਸਦਾ ਤਨਕ ਮਾਤ੍ਰ ਸਿਮਰਨ ਜੀਵ ਨੂੰ ਕ੍ਹਾਲ ਜਾਲ ਤੋਂ ਮੁਕਤ ਕਰ ਦਿੰਦਾ ਹੈ। ਉਸ ਦੀ ਚਰਨ ਸ਼ਰਨ ਵਿਚ ਸਾਰੇ ਦੁਸ਼ਟ ਅਰਿਸ਼ਟ ਖੈ ਹੋ ਜਾਂਦੇ ਹਨ।

**ਪ੍ਰਸ਼ਨ ਨੰ: (੨) 'ਸ੍ਰੀ ਜਾਪੁ ਸਾਹਿਬ', 'ਤ੍ਵ ਪ੍ਰਸਾਦਿ ਸਵਯੇ' ਅਤੇ 'ਬੇਨਤੀ ਚੌਪਈ' ਇਹ ਤਿੰਨੇ ਪਾਵਨ ਬਾਣੀਆਂ ਸ੍ਰੀ**



www.AKJ.Org

ਸ੍ਰੀ ਦਸਮ ਗ੍ਰੰਥ ਸਾਹਿਬ ਵਿਚੋਂ ਹਨ, ਅਤੇ ਇਹ ਦਸਮ ਪਾਤਿਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਰਚਨਾ ਹਨ।
(ਉਪਰੋਕਤ ਬਾਣੀਆਂ ਦੇ ਨੌਵੇਂ ਪਦੇ ਦੇ ਅਰਥਾਂ ਲਈ ਦੇਖੋ ਸਟੀਕ।)

**ਪ੍ਰਸ਼ਨ ਨੰ: (੩)** (ੳ) ਵਾਹਿਗੁਰੂ ਅਦ੍ਰਿਸ਼ਟ ਹੈ, ਪਰ ਸਾਰੀ ਦ੍ਰਿਸ਼ਟਮਾਨ ਮਾਦੀ (Material) ਰਚਨਾ ਉਸ ਨੇ ਹੀ ਰਚੀ ਹੋਈ ਹੈ ਤੇ ਸਾਰੀ ਰਚਨਾ ਵਿਚ ਉਹ ਇਕ-ਰਸ ਵਿਆਪਕ ਹੋਇਆ ਪਿਆ ਹੈ। ਇਸ ਸਥਿਤੀ ਦੇ ਅਧਾਰ ਤੇ ਵਾਹਿਗੁਰੂ ਦੇ ਦੋ ਪ੍ਰਮੁਖ ਸਰੂਪ ਮਿਥੇ ਗਏ ਹਨ—ਸਰਗੁਣ ਸਰੂਪ ਅਤੇ ਨਿਰਗੁਣ ਸਰੂਪ।

**ਸਰਗੁਣ ਸਰੂਪ**–ਉਹ ਸਰੂਪ ਜੋ ਦ੍ਰਿਸ਼ਟਮਾਨ ਮਾਇਕ ਰਚਨਾ (ਪ੍ਰਕਿਰਤੀ) ਚੋਂ ਪਰਗਟ ਹੁੰਦਾ ਹੈ। ਦ੍ਰਿਸ਼ਟਮਾਨ ਮਾਇਕੀ ਰਚਨਾ ਦੇ ਤ੍ਰੈ ਮੁਖ ਗੁਣ ਹਨ :–

i) ਸਤੋ ਗੁਣ (ਜੋ ਗੁਣ ਮਨੁਖੀ ਮਨ ਤੇ ਸਾਤਵਿਕ ਪ੍ਰਭਾਵ ਪਾਉਂਦਾ ਹੈ, ਜਿਵੇਂ–ਸਤ, ਸੰਤੋਖ, ਦਇਆ, ਧਰਮ, ਧੀਰਜ ਆਦਿ)।

ii) ਰਜੋ ਗੁਣ (ਜੋ ਗੁਣ ਮਨੁਖੀ ਮਨ ਤੇ ਰਾਜਸਿਕ ਪ੍ਰਭਾਵ ਪਾਉਂਦਾ ਹੈ, ਜਿਵੇਂ–ਰਾਜਸੀ ਠਾਠ ਬਾਠ, ਸ਼ਾਨੋ ਸ਼ੌਕਤ, ਧਨ ਸੰਪਤੀ, ਰਿਧੀ ਸਿਧੀ ਆਦਿ)।

iii) ਤਮੋ ਗੁਣ (ਜੋ ਗੁਣ ਮਨੁਖੀ ਮਨ ਤੇ ਤਾਮਸਿਕ ਪ੍ਰਭਾਵ ਪਾਉਂਦਾ ਹੈ, ਜਿਵੇਂ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ, ਅਗਿਆਨਤਾ, ਆਦਿ)।

**ਨਿਰਗੁਣ ਸਰੂਪ**-ਉਹ ਸਰੂਪ, ਜੋ ਅਦ੍ਰਿਸ਼ਟ ਹੈ ਅਤੇ ਮਾਇਆ ਦੇ ਤਿੰਨਾਂ ਗੁਣਾਂ ਤੋਂ ਅਤੀਤ ਹੈ।

(ਅ) i) **ਸਰਗੁਣ ਸਰੂਪ ਦੇ ਕਰਮ ਨਾਮ**–

ਸਤੋ ਗੁਣੀ : ਦੇਵ ਦੇਵੇ, ਦਾਨ ਦਾਨੇ, ਕ੍ਰਿਪਾਲੰ ਸਰੂਪੇ, ਕਰੁਣਾਕਰ, ਕਰੁਣਾਲਯ।

ਰਜੋ ਗੁਣੀ : ਰਾਜ ਰਾਜੇ, ਸ਼ਾਹ ਸ਼ਾਹੇ, ਬਾਂਕ ਬੰਕੇ, ਨ੍ਰਿਪ ਨਾਇਕ।

ਤਮੋ ਗੁਣ : ਕਾਲਾਨ ਕਾਲ, ਅੰਧਕਾਰੇ, ਕ੍ਰੂਰ ਕਰਮੇ, ਕਲਹ ਕਰਤਾ।

ii) **ਨਿਰਗੁਣ ਸਰੂਪ ਦੇ ਕਰਮ ਨਾਮ**–ਅਨੰਾਤਮ, ਅਤੱਤ, ਅਭੂ, ਅਰੂਪ, ਅਕਾਏ, ਅਜਾਏ, ਅਨਾਦੇ, ਅਰੰਗੇ, ਅਸਰਗੇ, ਅਨਾਮੰ। (ਅਰਥਾਂ ਲਈ ਦੇਖੋ ਸਟੀਕ)

**ਪ੍ਰਸ਼ਨ ਨੰ: (੪)** ਸ੍ਰੀ ਜਾਪੁ ਸਾਹਿਬ ਵਿਚ ਆਏ 'ਸਰਬ ਨਾਮ' ਪਦ ਦਾ ਅਰਥ ਹੈ, 'ਉਹ ਨਾਮ ਜੋ ਵਾਹਿਗੁਰੂ ਦੇ ਸਮੁਚੇ ਸਰੂਪ ਨੂੰ ਨਿਰੂਪਨ ਕਰੇ'। ਕਰਮ-ਨਾਮ ਦਾ ਅਰਥ ਹੈ 'ਕਰਮਾਂ ਦੇ ਅਧਾਰ ਤੇ ਬਣੇ ਨਾਮ'।

**ਸਮ-ਅਰਥੀ ਕਰਮ ਨਾਮ**–

੧) ਅਜਨਮ–ਅਜੂ। ੨) ਸੂਰਜ ਸੂਰਜੇ–ਭਾਨ ਭਾਨੇ। ੩) ਅਗਾਹ–ਅਗਾਧ। ੪) ਚੰਦ੍ਰ ਚੰਦ੍ਰੇ–ਮਾਹ ਮਾਹੇ।
੫) ਅਭੂਤੇ–ਅਤਤੰ।

**ਪ੍ਰਸ਼ਨ ਨੰ: ੫**–(ੳ) 'ਕਰਤਾ' ਤੋਂ ਭਾਵ ਹੈ ਕਰਨ ਵਾਲਾ, ਜਿਵੇਂ ਸਰਬੰ ਕਰਤਾ, ਚੱਤ੍ਰ ਚੱਕ੍ਰ ਕਰਤਾ, ਕਰੀਅੰ।

(ਅ) 'ਭਰਤਾ' ਤੋਂ ਭਾਵ ਹੈ ਭਰਨ ਵਾਲਾ, ਅਥਵਾ, ਪਾਲਣ ਪੋਸਣ ਕਰਨ ਵਾਲਾ, ਜਿਵੇਂ : ਸਰਬੰ ਭਰਤਾ, ਸਰਬ ਪਾਲਕ, ਸਰਬ ਪਾਲੇ, ਸਰਬ ਪੋਖੇ।

(ੲ) 'ਹਰਤਾ' ਤੋਂ ਭਾਵ ਹੈ ਲੈਅ (ਨਾਸ਼) ਕਰਨ ਵਾਲਾ, ਜਿਵੇਂ : ਸਰਬ ਖਾਪੇ, ਪ੍ਰਮਾਥੰ ਪ੍ਰਮਾਥੇ, ਕਾਲ ਕਾਲੇ, ਸਰਬੰ ਪ੍ਰਣਾਸੀ, ਸਰਬ ਭੰਜਨ, ਸਰਬ ਘਾਇਕ, ਹਰੀਅੰ। (ਅਰਥਾਂ ਲਈ ਦੇਖੋ ਸਟੀਕ)

**ਪ੍ਰਸ਼ਨ ਨੰ: ੬**–ਸ੍ਰੀ ਜਾਪੁ ਸਾਹਿਬ ਵਿਚ ਆਏ ਦਸ ਅਰਬੀ ਫ਼ਾਰਸੀ ਦੇ ਸ਼ਬਦ ਤੇ ਉਨ੍ਹਾਂ ਦੇ ਅਰਥ ਇਸ ਪ੍ਰਕਾਰ ਹਨ:–

ਮੁਦਾਮ (ਹਮੇਸ਼ਾ)। ਅਜ਼ੀਜ਼ (ਪਿਆਰਾ)। ਰਫ਼ੀਕ (ਮਿਤਰ)। ਅਮੀਕ (ਡੂੰਘਾ)।

ਸਲਾਮ (ਸਲਾਮਤ)। ਚਰਾਗ (ਦੀਵਾ)। ਜਮਾਲ (ਸੁੰਦਰਤਾ)। ਰਾਜ਼ਕ (ਰੋਜ਼ੀ ਦੇਣ ਵਾਲਾ)।

ਗਰੀਬੁਲ ਨਿਵਾਜ਼ (ਗਰੀਬਾਂ ਨੂੰ ਨਿਵਾਜਣ ਵਾਲਾ)। ਹਰੀਫੁਲ ਸ਼ਿਕੰਨ (ਵੈਰੀਆਂ ਨੂੰ ਮਾਰਨ ਵਾਲਾ)।

**ਪ੍ਰਸ਼ਨ ਨੰ: ੭**–ਸ੍ਰੀ ਜਾਪੁ ਸਾਹਿਬ ਵਿਚ ਬ੍ਰਜ ਭਾਸ਼ਾ ਅਤੇ ਅਰਬੀ ਫ਼ਾਰਸੀ ਦੇ ਸੁਮੇਲ ਵਾਲੇ ਸ਼ਬਦ ਅਤੇ ਉਨ੍ਹਾਂ ਦੇ



www.AKJ.Org

ਅਰਥ ਇਸ ਪ੍ਰਕਾਰ ਹਨ :–
ਹਮੇਸੁਲ ਰਵੰਨ=ਸਦਾ ਰਮਣ ਵਾਲਾ, ਅਥਵਾ, ਸਦਾ ਰਮਿਆ ਹੋਇਆ।
ਸਰਬੰ ਕਲੀਮੇ=ਸਾਰਿਆਂ ਵਿਚ ਕਲਾਮ ਕਰਨ (ਬੋਲਣਾ) ਵਾਲਾ।
ਹਮੇਸੁਲ ਅਭੇਖ=ਸਦੀਵਕਾਲ ਭੇਖ-ਰਹਿਤ।
ਰਜੂਅਲ ਨਿਧਾਨੇ=ਧਿਆਨ ਦਾ ਖ਼ਜ਼ਾਨਾ।
ਬਹਿਸ਼ਤੁਲ ਨਿਵਾਸ=ਸ੍ਵਰਗ ਵਿਚ ਨਿਵਾਸ ਦੇਣ ਵਾਲਾ।

**ਪ੍ਰਸ਼ਨ ਨੰ: (੮)**–ਨਿਰਗੁਨ ਸਰੂਪ ਅਤੇ ਸਰਗੁਨ ਸਰੂਪ ਦੇ ਭੇਦ ਕਰਕੇ ਪਰਸਪਰ ਵਿਰੋਧੀ ਸ਼ਬਦ :–
ਅਰੂਪੇ (ਰੂਪ ਰਹਿਤ)–ਸਰੂਪੇ (ਸੁੰਦਰ ਸਰੂਪ ਵਾਲਾ)।
ਅਨਾਤਮ (ਆਤਮਾ ਰਹਿਤ)–ਪਰਮਾਤਮ (ਮਹਾਨ ਆਤਮਾ)।
ਅਤੱਤੰ (ਤੱਤਾਂ ਤੋਂ ਰਹਿਤ)–ਪਰਮ ਤਤੰ (ਮਹਾਨ ਤੱਤ, ਅਥਵਾ, ਮਾਦੀ ਤੱਤਾਂ ਨੂੰ ਸੱਤਾ ਦੇਣ ਵਾਲਾ)।
ਅਦੇਸੇ (ਦੇਸ ਰਹਿਤ)–ਸਰਬ ਦੇਸੇ (ਸਾਰਿਆਂ ਦੇਸਾਂ ਵਿਚ ਵਿਆਪਕ)।
ਸੁ ਏਕੈ (ਕੇਵਲ ਇਕ ਹੈਂ)–ਅਨੇਕੈ (ਬੇਅੰਤ ਰੂਪਾਂ ਵਾਲਾ ਹੈਂ)।

**ਪ੍ਰਸ਼ਨ ਨੰ: (੯)** ਨਿਸ਼ੇਧ-ਅਰਥਕ ਕਰਮ-ਨਾਮ, ਉਨ੍ਹਾਂ ਦੇ ਅਰਥ ਅਤੇ ਨਿਸ਼ੇਧ-ਅਰਥਕ ਅਗੇਤਰ :–

| | |
|---|---|
| ਨ੍ਰਿਨਾਮ–ਨਾਮ-ਰਹਿਤ–ਨ੍ਰਿ | ਨ੍ਰਿਕਾਮ–ਕਾਮਨਾ-ਰਹਿਤ–ਨ੍ਰਿ |
| ਨ੍ਰਿਭਰਮੇ–ਭਰਮ-ਰਹਿਤ–ਨ੍ਰਿ | ਨ੍ਰਿਤਾਂਪੇ–ਤਿੰਨਾਂ ਤਾਪਾਂ ਤੋਂ ਰਹਿਤ–ਨ੍ਰਿ |
| ਅਰੂਪ–ਰੂਪ-ਰਹਿਤ–ਅ | ਅਭੰਜ–ਨਾਸ-ਰਹਿਤ–ਅ |
| ਅਦੇਸ–ਦੇਸ-ਰਹਿਤ–ਅ | ਅਕਾਲੇ–ਕਾਲ-ਰਹਿਤ–ਅ |
| ਨ ਸਤ੍ਰੈ–ਸ਼ਤਰੂ, ਅਥਵਾ, ਵੈਰੀ-ਰਹਿਤ–ਨ | ਨ ਮਿਤ੍ਰੇ–ਮਿਤ੍ਰ-ਰਹਿਤ–ਨ |

## ਤ੍ਵ ਪ੍ਰਸਾਦਿ ਸਵੈਯੇ

**ਪ੍ਰਸ਼ਨ ਨੰ: (੧੦)**–ਕਰਮ-ਕਾਂਡ ਦੇ ਖੰਡਨ ਨਾਲ ਸੰਬੰਧਤ ਸਵੈਯਾਂ ਦਾ ਕ੍ਰਮ ਨੰ: ੪ (ਤੀਰਥ ਨਾਨ...), ਨੰ: ੯ (ਕਹਾ ਭਯੋ ..), ਅਤੇ ਨੰ: ੧੦ (ਕਾਹੂ ਲੈ ਪਾਹਨੁ ...) ਹੈ। (ਅਰਥਾਂ ਲਈ ਦੇਖੋ ਸਟੀਕ)

**ਪ੍ਰਸ਼ਨ ਨੰ: (੧੧)**–ਸਵਯਾ ਨੰ: ੩ (ਜੀਤ ਫਿਰੈ ਸਭ...) ਵਿਚ ਨਿਰੂਪਨ ਕੀਤਾ ਹੋਇਆ ਹੈ ਕਿ ਵਾਹਿਗੁਰੂ ਦੇ ਭਜਨ ਤੋਂ ਬਗੈਰ ਐਸ਼ਵਰਜ ਨੂੰ ਪ੍ਰਾਪਤ ਵਿਅਕਤੀ ਵੀ ਜਮਪੁਰੀ ਨੂੰ ਬੰਨ੍ਹ ਚਲਾਏ ਜਾਣਗੇ।
(ਅਰਥਾਂ ਲਈ ਦੇਖੋ ਸਟੀਕ)

**ਪ੍ਰਸ਼ਨ ਨੰ: (੧੨)**–"ਦਾਤਾ ਕੇਵਲ ਇਕ ਅਕਾਲ ਪੁਰਖ ਹੈ ਤੇ ਸਾਰੇ ਜੀਵ ਉਸ ਪ੍ਰਭੂ-ਦਾਤੇ ਦੇ ਦਰ ਤੇ ਮੰਗਤੇ ਹਨ" ਇਸ ਭਾਵ ਨੂੰ ਸਵਯਾ ਨੰ: ੬ (ਬੀਰ ਅਪਾਰ...) ਦਰਸਾਉਂਦਾ ਹੈ। (ਅਰਥਾਂ ਲਈ ਦੇਖੋ ਸਟੀਕ)

## ਬੇਨਤੀ ਚੌਪਈ

**ਪ੍ਰਸ਼ਨ ਨੰ: (੧੩)**–ਬੇਨਤੀ ਚੌਪਈ ਵਿਚ ਅੰਕਤ ਦਸ ਮੰਗਾਂ ਲਈ ਦੇਖੋ ਸੰਬੰਧਤ ਬਾਣੀ ਦਾ ਅੰਕ ਨੰ: ੧ ਤੋਂ ੬ (ਸਾਰੀਆਂ ਤੁਕਾਂ ਲਿਖਣੀਆਂ ਹਨ।)

**ਪ੍ਰਸ਼ਨ ਨੰ: (੧੪)**–ਬੇਨਤੀ ਚੌਪਈ ਵਿਚ ਆਏ ਪਦ 'ਹਮਰੇ ਦੁਸਟ' ਅਤੇ 'ਸਤ੍ਰੂ ਹਮਾਰੇ' ਤੋਂ ਭਾਵ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਇਹ ਪੰਜ ਵਿਕਾਰ ਅਤੇ ਇਨ੍ਹਾਂ ਵਿਕਾਰਾਂ ਵਿਚ ਗ੍ਰਸਤ ਵਿਕਾਰੀ ਮਨੁਖਾਂ ਤੋਂ ਹੈ।

**ਪ੍ਰਸ਼ਨ ਨੰ: (੧੫)**–ਬੇਨਤੀ ਚੌਪਈ ਸਾਹਿਬ ਵਿਚ ਸੰਸਾਰ-ਰਚਨਾ ਨਾਲ ਸੰਬੰਧਤ ਪਦੇ ਨੰ: ੧੩ (ਜਦ ਉਦਕਰਖ ਕਰਾ...), ਨੰ: ੧੭ (ਆਪ ਆਪਨੀ ਬੁਧਿ...), ਅਤੇ ਨੰ: ੧੮ (ਏਕੈ ਰੂਪ ਅਨੂਪ...) ਹਨ।
(ਅਰਥਾਂ ਲਈ ਦੇਖੋ ਸਟੀਕ)


www.AKJ.Org

ਪ੍ਰਸ਼ਨ ਨੰ: (੧੬)–ਚਾਰ ਖਾਣੀਆਂ ਅੰਡਜ (ਅੰਡਿਆਂ ਤੋਂ ਉਤਪਤੀ ਦਾ ਸੋਮਾ), ਜੇਰਜ (ਜੇਰ ਤੋਂ ਉਤਪਤੀ ਦਾ ਸੋਮਾ), ਸੇਤਜ (ਪਸੀਨੇ ਤੋਂ ਉਤਪਤੀ ਦਾ ਸੋਮਾ) ਅਤੇ ਉਤਭੁਜ (ਧਰਤੀ ਤੋਂ ਉਤਪਤੀ ਦਾ ਸੋਮਾ) ਹਨ। (ਦੇਖੋ ਪਦਾ ਨੰ: ੧੮)

ਪ੍ਰਸ਼ਨ ਨੰ: (੧੭)–ਬੇਨਤੀ ਚੌਪਈ ਵਿਚੋਂ ਅਕਾਲ ਪੁਰਖ ਦੇ ਕਰਮ-ਨਾਮਾਂ ਦਾ ਵਰਨਣ :–

(੧) ਕਰਤਾਰ (ਰਚਨਾ ਦਾ ਕਰਤਾ)। (੨) ਸ੍ਰੀ ਅਸਿਧੁਜ (ਕਲਿਆਣਕਾਰੀ ਅਕਾਲ ਪੁਰਖ, ਜਿਸ ਦੇ ਝੰਡੇ ਤੇ ਕ੍ਰਿਪਾਨ ਦਾ ਚਿੰਨ੍ਹ ਹੈ)। (੩) ਨਿਰੰਕਾਰ (ਅਕਾਰ-ਰਹਿਤ)। (੪) ਖੜਗਕੇਤ (ਜਿਸ ਦੇ ਝੰਡੇ ਤੇ ਕ੍ਰਿਪਾਨ ਦਾ ਚਿੰਨ੍ਹ ਹੈ)। (੫) ਦੀਨ ਬੰਧੁ (ਦੀਨਾਂ ਦੁਖੀਆਂ ਦਾ ਬੰਧੂ, ਭਾਵ, ਮਿਤਰ)।

**ਪੁੱਛਾਂ ਦੇ ਉਤਰ– ਬੇਨਤੀ ਚੌਪਈ :–**

(੧) ਗੁਰੂ ਦੇ ਲਛਣ–ਆਦਿ ਅੰਤਿ ਏਕੈ ਅਵਤਾਰਾ ॥ ਸੋਈ ਗੁਰੂ ਸਮਝਿਯਹੁ ਹਮਾਰਾ ॥੯॥

(੨) ਸੰਸਾਰ-ਰਚਨਾ ਦੀ ਸਿਰਜਨਾ ਵਿਚ ਵਾਹਿਗੁਰੂ ਦੀ 'ਉਦਕਰਖਣ' ਸ਼ਕਤੀ ਕੰਮ ਕਰਦੀ ਹੈ—

ਜਬ ਉਦਕਰਖ ਕਰਾ ਕਰਤਾਰਾ ॥ ਪ੍ਰਜਾ ਧਰਤ ਤਬ ਦੇਹ ਅਪਾਰਾ ॥੧੩॥

ਸੰਸਾਰ ਦੇ ਵਿਨਾਸ਼ ਵਿਚ ਵਾਹਿਗੁਰੂ ਦੀ 'ਆਕਰਖਣ' ਸ਼ਕਤੀ ਕੰਮ ਕਰਦੀ ਹੈ—

ਜਬ ਆਕਰਖ ਕਰਤ ਹੋ ਕਬਹੂੰ ॥ ਤੁਮ ਮੈ ਮਿਲਤ ਦੇਹ ਧਰ ਸਭਹੂੰ ॥੧੩॥

(੩) ਵਾਹਿਗੁਰੂ ਨੂੰ ਪੱਥਰ ਕਰਕੇ ਮੰਨਣ ਅਤੇ 'ਮਹਾਦੇਵ' ਨੂੰ 'ਸਦਾ-ਸਿਵ' (ਵਾਹਿਗੁਰੂ) ਆਖਣ ਵਾਲਿਆਂ ਨੂੰ ਸ੍ਰੀ ਚੌਪਈ ਸਾਹਿਬ ਦੇ ਪਦਾ ਨੰ: ੧੬ ਵਿਚ 'ਮਹਾਂ ਮੂੜ' ਦੀ ਉਪਾਧੀ ਦਿਤੀ ਹੋਈ ਹੈ।

(੪) ਜੇ ਅਸਿਧੁਜ ਤਵ ਸਰਨੀ ਪਰੇ ॥ ਤਿਨ ਕੇ ਦੁਸਟ ਦੁਖਿਤ ਹ੍ਵੈ ਮਰੇ ॥੨੧॥

(੫) ਪੁਰਖ ਜਵਨ ਪਗ ਪਰੇ ਤਿਹਾਰੇ ॥ ਤਿਨ ਕੇ ਤੁਮ ਸੰਕਟ ਸਭ ਟਾਰੈ ॥੨੧॥

(੬) ਜੋ ਕਲ ਕੋ ਇਕ ਬਾਰ ਧਿਐ ਹੈ ॥ ਤਾ ਕੇ ਕਾਲ ਨਿਕਟਿ ਨਹਿ ਐ ਹੈ ॥੨੨॥

**ਤ੍ਵਪ੍ਰਸਾਦਿ ਸਵਯੇ**

(੧) 'ਏਕ ਰਤੀ ਬਿਨੁ ਏਕ ਰਤੀ ਕੇ' ਇਹ ਵਾਕੰਸ਼ ਸਵਯਾ ਨੰ: ੧ (ਸ੍ਰਾਵਗ ਸੁਧ ਸਮੂਹ...) ਵਿਚ ਆਉਂਦਾ ਹੈ। ਭਾਵ ਇਹ ਹੈ ਕਿ ਵਾਹਿਗੁਰੂ ਦੀ ਇਕ ਰਤੀ (ਪ੍ਰੀਤੀ) ਬਿਹੂਨ (ਵਡੇ ਵਡੇ ਕਰਮ-ਕਾਂਡੀ) ਇਕ ਰਤੀ (ਨਿਗੂਣਾ ਜਿਹਾ ਤੋਲ-ਵੱਟਾ) ਜਿੰਨੇ ਹੌਲੇ ਹਨ।

(੨) ਜੇ ਨਰ ਸ੍ਰੀ ਪਤਿ ਕੇ ਪ੍ਰਸਿ ਹੈ ਪਗ ਤੇ ਨਰ ਫੇਰਿ ਨ ਦੇਹ ਧਰੈਗੇ ॥੮॥

(੩) ਸਾਚ ਕਹਉ ਸੁਨਿ ਲੇਹੋ ਸਭੈ, ਜਿਨਿ ਪ੍ਰੇਮੁ ਕੀਓ ਤਿਨ ਹੀ ਪ੍ਰਭੁ ਪਾਇਓ ॥੯॥

(੪) ਕਾਹੂ ਲੈ ਪਾਹਨੁ ਪੂਜਿ ਧਰੋ ਸਿਰਿ, ਕਾਹੂ ਲੈ ਲਿੰਗੁ ਗਰੇ ਲਟਕਾਇਓ ॥
ਕਾਹੂ ਲਖਿਓ ਹਰਿ ਅਵਾਚੀ ਦਿਸਾ ਮਹਿ, ਕਾਹੂ ਪਛਾਹ ਕੋ ਸੀਸ ਨਿਵਾਇਓ ॥
ਕੋਊ ਬੁਤਾਨ ਕੋ ਪੂਜਤ ਹੈ ਪਸੁ, ਕੋਊ ਮ੍ਰਿਤਾਨ ਕਉ ਪੂਜਨ ਧਾਇਓ ॥...੧੦॥
ਇਹ ਉਪਰੋਕਤ ਸਾਰੀਆਂ 'ਕੂਰ ਕ੍ਰਿਆਂ' ਹਨ।

**ਸੋਹਿਲਾ**

(੧) ਸੋਹਿਲੇ ਦਾ ਪਾਠ ਰਾਤ ਨੂੰ ਬਿਰਾਜਣ ਸਮੇਂ, ਰਾਤ ਨੂੰ ਸਤਿਗੁਰੂ ਜੀ ਦਾ ਸੁਖਾਸਨ ਕਰਨ ਸਮੇਂ ਜਾਂ ਕਿਸੇ ਮ੍ਰਿਤਕ ਪ੍ਰਾਣੀ ਦੇ ਸਸਕਾਰ ਉਪਰੰਤ ਕੀਤਾ ਜਾਂਦਾ ਹੈ।

(੨) **'ਸੋਹਿਲਾ' ਬਾਣੀ ਦਾ ਕੇਂਦਰੀ ਭਾਵ :–**

ਸੋਹਿਲੇ ਦਾ ਕੇਂਦਰੀ ਭਾਵ ਇਹ ਹੈ ਕਿ ਜੀਵਨ ਦਾ ਸਮਾਂ ਨਿਸਚਿਤ ਹੈ। ਉਮਰਾ ਦਿਨ ਦਿਨ ਘਟਦੀ ਹੈ। ਮਨੁਖਾ ਜਨਮ ਦਾ ਮੂਲ-ਮਨੋਰਥ ਸਤਸੰਗਤ ਵਿਚ ਜੁੜਨਾ, ਨਾਮ ਧਨ ਖਟਣਾ ਅਤੇ ਪ੍ਰਭੂ ਦਾ ਮਿਲਾਪ ਪ੍ਰਾਪਤ ਕਰਨਾ ਹੈ। ਸਾਰੀ ਰਚਨਾ ਵਿਚ ਅਕਾਲ ਪੁਰਖ ਦੀ ਜੋਤਿ ਵਿਆਪਕ ਹੈ। ਗੁਰੂ ਦੀ ਸਿਖਿਆ ਦੁਆਰਾ ਇਹ



www.AKJ.Org

ਜੋਤਿ ਅੰਦਰੋਂ ਪ੍ਰਗਟ ਹੋ ਜਾਂਦੀ ਹੈ।

ਨਿਰਗੁਨ ਬ੍ਰਹਮ ਦਾ ਕੋਈ ਰੂਪ ਰੰਗ ਨਹੀਂ, ਪਰ ਦ੍ਰਿਸ਼ਟਮਾਨ ਸਾਰੇ ਰੂਪ ਰੰਗ ਸਰਗੁਨ ਬ੍ਰਹਮ ਦੇ ਹੀ ਹਨ। ਪ੍ਰਕ੍ਰਿਤੀ ਦੇ ਵਖ ਵਖ ਤੱਤ ਨਿਰੰਤਰ ਕਿਰਿਆ-ਸ਼ੀਲ ਹਨ, ਜਿਸ ਤੋਂ ਅਕਾਲ ਪੁਰਖ ਦੀ ਸੁਤੇ ਹੀ ਇਕ-ਰਸ ਆਰਤੀ ਹੋ ਰਹੀ ਹੈ।

ਗੁਰੂ ਦੀ ਪ੍ਰਾਪਤੀ ਭਾਗਾਂ ਨਾਲ ਹੁੰਦੀ ਹੈ। ਗੁਰੂ-ਮਿਲਾਪ ਸਦਕਾ ਕਾਮ ਕ੍ਰੋਧ ਆਦਿਕ ਪੰਜੇ ਵਿਕਾਰ ਨਾਸ ਹੋ ਜਾਂਦੇ ਹਨ ਤੇ ਪ੍ਰਭੂ ਵਿਚ ਲਿਵ ਲਗ ਜਾਂਦੀ ਹੈ। ਸ਼ਕਤੀ ਦੇ ਪੁਜਾਰੀ ਆਪਣੀ ਹਉਮੈ ਦੇ ਕਾਰਨ ਲੋਕ ਪਰਲੋਕ ਵਿਚ ਦੁਖੀ ਹੁੰਦੇ ਰਹਿੰਦੇ ਹਨ। ਇਹ ਸੰਸਾਰ ਸੰਸੇ ਦਾ ਮੂਲ ਹੈ। ਇਸ ਸੰਸਾਰ-ਸਾਗਰ ਤੋਂ ਬ੍ਰਹਮ-ਗਿਆਨੀ ਪਾਰ ਲੰਘ ਜਾਂਦੇ ਹਨ।

ਸੋਹਿਲੇ ਦੇ ਅੰਤ ਵਿਚ ਪ੍ਰਭੂ-ਚਰਨਾਂ ਵਿਚ ਜੋਦੜੀ ਕੀਤੀ ਹੋਈ ਹੈ ਕਿ ਮੈਨੂੰ ਸਤ-ਪੁਰਸ਼ਾਂ ਦੇ ਚਰਨਾਂ ਦੀ ਧੂੜੀ ਬਣਾ ਦੇਹ।

(੩) ਸੋਹਿਲਾ ਬਾਣੀ ਵਿਚ ਆਏ ਵਾਕੰਸ਼ 'ਮਿਲਿ ਕਰਿ ਪਾਵਹੁ ਤੇਲੁ' ਦਾ ਭਾਵ ਹੈ 'ਸਿਮਰਨ ਰਾਹੀਂ ਮੇਰਾ ਮਨੋ-ਬਲ ਬਲਵਾਨ ਕਰੋ'।

(੪) "ਬਾਬਾ ਜੈ ਘਰਿ ਕਰਤੇ ਕੀਰਤਿ ਹੋਇ ॥ ਸੋ ਘਰੁ ਰਾਖੁ ਵਡਾਈ ਤੋਇ ॥" ਦੂਪੰਗਤੀ ਦਰਸ਼ਨ ਅਥਵਾ ਫਿਲਾਸਫੀ ਵਲ ਸੰਕੇਤ ਕਰਦੀ ਹੈ। ਉਸ ਫਿਲਾਸਫੀ ਨੂੰ ਹਿਰਦੇ ਵਿਚ ਥਾਂ ਦੇਹ ਜਿਸ ਵਿਚ ਕਰਤੇ ਦੀ ਸਿਫਤ ਸਲਾਹ ਗੁੰਫਤ ਹੋਵੇ।

(੫) ਪ੍ਰਕਿਰਤੀ ਵਲੋਂ ਅਕਾਲ ਪੁਰਖ ਦੀ ਸੁਤੇ ਸਿਧ ਆਰਤੀ ਹੋਣ ਦਾ ਵਰਨਣ ਹੇਠ ਲਿਖੀਆਂ ਪੰਗਤੀਆਂ ਵਿਚ ਹੈ–

ਗਗਨ ਮੈ ਥਾਲੁ, ਰਵਿ ਚੰਦੁ ਦੀਪਕ ਬਨੇ, ਤਾਰਿਕਾ ਮੰਡਲ ਜਨਕ ਮੋਤੀ ॥
ਧੂਪੁ ਮਲਆਨਲੋ, ਪਵਣੁ ਚਵਰੋ ਕਰੇ, ਸਗਲ ਬਨਰਾਇ ਫੂਲੰਤ ਜੋਤੀ ॥੧.੩

(੬) ਅਕਾਲ ਪੁਰਖ ਦੇ ਨਿਰਗੁਨ ਅਤੇ ਸਰਗੁਨ ਸਰੂਪ ਦਾ ਸ਼ਬਦੀ-ਚਿਤ੍ਰ ਹੇਠ ਲਿਖੀਆਂ ਪੰਗਤੀਆਂ ਵਿਚ ਹੈ :–

ਸਹਸ ਤਵ ਨੈਨ, ਨਨ ਨੈਨ ਹਹਿ ਤੋਹਿ ਕਉ, ਸਹਸ ਮੂਰਤਿ ਨਨਾ ਏਕ ਤੋਹੀ ॥
ਸਹਸ ਪਦ ਬਿਮਲ, ਨਨ ਏਕ ਪਦ, ਗੰਧ ਬਿਨੁ, ਸਹਸ ਤਵ ਗੰਧ ਇਵ ਚਲਤ ਮੋਹੀ ॥੨.੩

(੭) (ੳ) ਕਾਮਿ ਕਰੋਧਿ ਨਗਰ ਬਹੁ ਭਰਿਆ, ਮਿਲਿ ਸਾਧੂ ਖੰਡਲ ਖੰਡਾ ਹੇ ॥੧,੪
(ਅ) ਗੁਰ ਸਾਖੀ ਜੋਤਿ ਪਰਗਟੁ ਹੋਇ ॥੩.੪
(ੲ) ਪੂਰਬਿ ਲਿਖਤ ਲਿਖੇ ਗੁਰ ਪਾਇਆ, ਮਨਿ ਹਰਿ ਲਿਵ ਮੰਡਲ ਮੰਡਾ ਹੇ ॥੧.੪
(ਸ) ਕਰਿ ਸਾਧੂ ਅੰਜੁਲੀ ਪੁਨੁ ਵਡਾ ਹੇ ॥ ਕਰਿ ਡੰਡਉਤਿ ਪੁਨੁ ਵਡਾ ਹੇ ॥੧॥ਰਹਾਉ॥ ੪.
(ਹ) ਸਾਕਤ ਹਰਿ ਰਸ ਸਾਦੁ ਨ ਜਾਣਿਆ ਤਿਨ ਅੰਤਰਿ ਹਉਮੈ ਕੰਡਾ ਹੇ ॥
ਜਿਉ ਜਿਉ ਚਲਹਿ ਚੁਭੈ ਦੁਖੁ ਪਾਵਹਿ ਜਮ ਕਾਲੁ ਸਹਹਿ ਸਿਰਿ ਡੰਡਾ ਹੇ ॥੨.੪

**ਅੰਤਲਾ ਪ੍ਰਸ਼ਨ**–ਕੀ ਆਪ ਨੂੰ 'ਸ੍ਰੀ ਜਾਪੁ ਸਾਹਿਬੁ', 'ਤ੍ਵਪ੍ਰਸਾਦਿ ਸਵਯੇ', 'ਬੇਨਤੀ ਚੌਪਈ' ਅਤੇ 'ਸੋਹਿਲਾ' ਕੰਠ ਹਨ? ਜੇ ਪੂਰੀ ਤਰ੍ਹਾਂ ਅਜੇ ਕੰਠਾਗਰ ਨਹੀਂ ਤਾਂ ਹੰਭਲਾ ਮਾਰੋ। ਇਸ ਲਈ ਵਿਸ਼ੇਸ਼ ਨੰਬਰ ਰਾਖਵੇਂ ਹਨ :–

ਸ੍ਰੀ ਜਾਪੁ ਸਾਹਿਬ – 10 ਨੰਬਰ

ਤਵ ਪ੍ਰਸਾਦਿ ਸਵਯੇ ਤੇ ਬਾਕੀ ਬਾਣੀਆਂ 5 ਨੰਬਰ ਹਰੇਕ ਬਾਣੀ ਪ੍ਰਤੀ

**ਪ੍ਰੀਖਿਆ ਸੈਂਟਰਾਂ ਤੇ ਤਰੀਕ ਸੰਬੰਧੀ**–ਇਹਨਾਂ ਬਾਣੀਆਂ ਦੀ ਪ੍ਰੀਖਿਆ ਮਿਤੀ 14-5-89 ਐਤਵਾਰ ਨੂੰ ਸਵੇਰੇ 8 ਵਜੇ ਤੋਂ 11 ਵਜੇ ਤਕ ਸੰਤ ਸਿੰਘ ਸੁਖਾ ਸਿੰਘ ਸਕੂਲ ਮਾਲ ਰੋਡ ਚੌਕ, ਅੰਮ੍ਰਿਤਸਰ ਵਿਖੇ ਹੋਵੇਗੀ। ਚੰਡੀਗੜ੍ਹ, ਜਲੰਧਰ, ਲੁਧਿਆਣਾ ਵਿਖੇ ਸੈਂਟਰ ਸਥਾਪਤ ਕਰਨ ਲਈ ਉਪ੍ਰਾਲਾ ਕੀਤਾ ਜਾ ਰਿਹਾ ਹੈ। ਅੰਤਮ ਸੂਚਨਾ ਰੋਲ ਨੰਬਰ ਕਾਰਡਾਂ ਰਾਹੀਂ ਦਿਤੀ ਜਾਵੇਗੀ।

ਕਨਵੀਨਰ, ਇੰਟਰਨੈਸ਼ਨਲ ਗੁਰਬਾਣੀ ਥਰੈਪੀ ਟ੍ਰਸਟ, 20-ਡਾਕਟਰਜ਼ ਐਵਿਨੀਊ, ਮਜੀਠਾ ਰੋਡ, ਅੰਮ੍ਰਿਤਸਰ



www.AKJ.Org

# ਗੁਰੂ ਪੰਥ ਦਾ ਸੰਕਲਪ

[ਡਾਕਟਰ ਜਸਵੰਤ ਸਿੰਘ ਜੀ, ਨੇਕੀ]

'ਗੁਰੂ ਪੰਥ' ਦਾ ਸੰਕਲਪ ਇਕ ਮਹਾਨ ਰੂਹਾਨੀ ਸੰਕਲਪ ਵੀ ਹੈ ਤੇ ਇਕ ਮਹਾਨ ਰੂਹਾਨੀ ਪ੍ਰਾਪਤੀ ਵੀ। ਸੰਸਾਰ ਦੀ ਧਾਰਮਕ ਵਿਚਾਰਧਾਰਾ ਨੂੰ ਇਹ ਸਿਖ ਧਰਮ ਦੀ ਨਵੇਕਲੀ ਦੇਣ ਹੈ। ਐਸੀ ਮਿਸਾਲ ਹੋਰ ਕਿਸੇ ਧਰਮ ਪਾਸ ਨਹੀਂ ਕਿ ਗੁਰੂ ਦੀ ਆਦਰਸ਼ਕ ਜੋਤਿ 'ਗੁਰੂ ਪੰਥ' ਹੋ ਨਿਬੜੀ ਹੋਵੇ, ਕਿ ਗੁਰੂ ਦੀ ਪਾਵਨ ਬਾਣੀ ਦੀ ਰੂਹਾਨੀ ਬਰਕਤ ਸਮੂਹਕ ਕੌਮੀ ਕਿਰਦਾਰ ਵਿਚ ਸਿੰਜਰ ਗਈ ਹੋਵੇ।

ਇਥੇ ਖ਼ਾਲਸਾ ਜੀ ਦੇ ਗੁਰੂ ਰੂਪ ਨੂੰ ਪਹਿਚਾਨਣਾ ਜ਼ਰੂਰੀ ਜਾਪਦਾ ਹੈ। ਇਸ ਰੂਪ ਨੂੰ ਨ ਕੋਈ ਗਿਣਤੀ ਨਿਸਚਿਤ ਕਰਦੀ ਹੈ ਨ ਕੋਈ ਵੇਸ, ਨ ਕੋਈ ਸਥਾਨਕ ਸਥਿਤੀ ਨਿਸਚਿਤ ਕਰਦੀ ਹੈ ਨ ਕੋਈ ਇਤਿਹਾਸਕ ਘਟਨਾ ਕ੍ਰਮ। ਇਹ ਤਾਂ ਸਰਬੱਤ ਖ਼ਾਲਸਾ ਜੀ ਦੀ ਇਕਾਗਰ, ਨਿਰਭੈ, ਉੱਚੀ ਸੁਰਤ ਹੈ ਜੋ ਗੁਰਬਾਣੀ ਦੀ ਉੱਦਾਤ ਆਤਮਕ ਪ੍ਰੇਰਨਾ ਨਾਲ ਅਭੇਦ ਹੋ ਗਈ ਹੈ। ਇਹੋ ਸੰਗਤ ਦਾ ਸਦੀਵ-ਕਾਲੀ ਨਿਰਾਕਾਰੀ ਰੂਪ ਹੈ। ਇਸੇ ਰੂਪ ਨੂੰ ਕਲਗੀਧਰ ਪਾਤਸ਼ਾਹ ਨੇ ਚਮਕੌਰ ਦੀ ਗੜ੍ਹੀ ਵਿਚ ਗੁਰਤਾ ਪ੍ਰਦਾਨ ਕੀਤੀ। ਉਹ ਪੰਜ ਸਿੰਘ, ਜਿਨ੍ਹਾਂ ਨੂੰ ਇਹ ਗੁਰਤਾ ਦਿੱਤੀ ਗਈ, ਉਸ ਲਿਵ ਦੇ ਧਾਰਨੀ ਸਨ ਜਿਸ ਨੇ ਉਹਨਾਂ ਦੇ ਆਚਰਣ ਨੂੰ ਗੁਰ-ਸ਼ਬਦ ਨਾਲ ਇਕਸੁਰ ਕੀਤਾ ਹੋਇਆ ਸੀ। ਇਸ ਨਾਤੇ ਉਹ ਲਿਵ-ਮਾਰਗ ਦੇ ਪ੍ਰਤਿਨਿਧ ਸਨ। **ਲਿਵ-ਮਾਰਗ ਦੇ ਸਮੱਸਤ ਪਾਂਧੀਆਂ ਨੂੰ ਹੀ ਪੰਥ ਕਿਹਾ ਜਾ ਸਕਦਾ ਹੈ–ਤੇ ਇਸੇ ਸਮੁੱਚ ਨੂੰ ਹੀ ਗੁਰਤਾ ਪ੍ਰਾਪਤ ਹੋਈ। ਖ਼ਾਲਸਾ ਗੁਰੂ-ਲਿਵ ਉਤੇ ਪੁੱਜ ਕੇ ਹੀ ਗੁਰੂ ਹੁੰਦਾ ਹੈ, ਉਸ ਤੋਂ ਉਰੇ ਨਹੀਂ।** ਜਿਸ ਖ਼ਾਲਸੇ ਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਗੁਰੂ ਸ੍ਵੀਕਾਰ ਕੀਤਾ, ਉਹ ਸਦੀਵੀ ਧਰਮ-ਯੋਧਿਆਂ ਦੀ ਪਾਵਨ ਸੰਗਤ ਦਾ ਪ੍ਰਤਿਨਿਧ ਨਿਰਾਕਾਰ ਖ਼ਾਲਸਾ ਸੀ।

ਇਸੇ ਖ਼ਾਲਸਾ ਨਾਲ ਗੁਰੂ ਗੋਬਿੰਦ ਸਿੰਘ ਆਪ ਬਚਨ-ਬੱਧ ਹੋਏ। ਉਹਨਾਂ ਵੀ ਪੰਥ ਨਾਲ ਇਕਰਾਰ ਕੀਤਾ ਕਿ ਖ਼ਾਲਸਾ ਜਦੋਂ ਤੀਕਰ ਆਚਰਣ ਦੀ ਸ਼ੁੱਧਤਾ ਵਿਚ ਵਿਚਰੇਗਾ, ਗੁਰਤਾ ਦੀ ਬਰਕਤ ਉਸ ਦੇ ਨਾਲ ਰਹੇਗੀ। ਇਸ ਅਦੁਤੀ ਇਕਰਾਰ ਨੂੰ ਸਿਖ ਸੁਰਤ ਨੇ ਕਿਸੇ ਆਵੇਸ਼ਕ ਛਿਨ ਵਿਚ ਇਉਂ ਅਨੁਰੂਪਿਆ ਹੈ :

ਜਬ ਲਗ ਰਹੇ ਖ਼ਾਲਸਾ ਨਿਆਰਾ, ਤਬ ਲਗ ਤੇਜ ਦੀਓ ਮੈਂ ਸਾਰਾ।
ਜਬ ਇਹ ਗਹੈ ਬਿਪਰਨ ਕੀ ਰੀਤਿ, ਮੈਂ ਨ ਕਰੋਂ ਇਨ ਕੀ ਪਰਤੀਤਿ।

ਭਾਵ, ਜਦੋਂ ਤਕ ਖ਼ਾਲਸਾ ਆਪਣੀ ਨਵੇਕਲੀ ਹਸਤੀ ਦੀ ਆਚਰਣਕ ਮੌਲਕਤਾ ਨੂੰ ਬਰਕਰਾਰ ਰਖੇਗਾ, ਉਤਨਾ ਚਿਰ ਇਸ ਮੌਲਕਤਾ ਵਿਚ ਉਸ ਗੁਰੂ-ਬਰਕਤ ਦਾ ਵਾਸਾ ਰਹੇਗਾ ਜਿਸ ਵਿਚੋਂ ਇਸ ਨੇ ਜਨਮ ਲਿਆ।

ਐਸਾ ਖ਼ਾਲਸਾ ਅਵੱਸ਼ ਇਕ ਉਚੇਰੀ ਦਿਬ ਦ੍ਰਿਸ਼ਟੀ ਦਾ ਮਾਲਕ ਜਾਪਦਾ ਹੈ, ਜਿਸ ਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਸੁਰਤ, ਸੁਹਜ, ਅਨੁਭਵ, ਤੇ ਸਦਾਚਾਰਕ ਪਵਿਤ੍ਰਤਾ ਵਿਚ ਰੰਗ ਕੇ ਸਿਰਜਿਆ। ਸਤਿਗੁਰੂ ਦਾ ਇਹ ਸੰਕਲਪ ਹੀ ਤਾਂ ਸੀ ਜੋ ਸਮੇਂ ਦੇ ਮੰਚ ਤੇ ਗੁਰੂ ਪੰਥ ਦੇ ਰੂਪ ਵਿਚ ਪ੍ਰਗਟ ਹੋਇਆ।

[ਛਪ ਰਹੀ ਪੁਸਤਕ "ਅਰਦਾਸ" ਵਿਚੋਂ

---

**ਪਾਠਕ ਜੀ–** (੧) ਚਿੱਠੀ ਪੱਤਰ ਜਾਂ ਰਕਮ ਭੇਜਣ ਸਮੇਂ ਆਪਣਾ ਚਿੱਟ ਨੰਬਰ ਜ਼ਰੂਰ ਲਿਖੋ। ਹਰ ਮਹੀਨੇ ਪਰਚੇ ਉਪਰ ਐਡਰੈਸ ਤੋਂ ਪਹਿਲਾਂ ਤੁਹਾਡਾ ਚਿੱਟ ਨੰਬਰ ਲਿਖ ਕੇ ਭੇਜਦੇ ਹਾਂ ਜੀ।

(੨) ਚੰਦਾ ਖ਼ਤਮ ਹੋਣ ਦੀ ਮੋਹਰ ਪਰਚੇ ਪਿਛੇ ਵੇਖੋ ਤਾਂ ਉਦੋਂ ਹੀ ਚੰਦਾ ਮਨੀਆਰਡਰ ਕਰਾਓ, ਨਹੀਂ ਤਾਂ ਪਰਚਾ ਬੰਦ ਹੋ ਜਾਸੀ।

(੩) ਜੇ ਪਰਚਾ ੧੫ ਤਰੀਕ ਤਕ ਨਾ ਪਹੁੰਚ ਤਾਂ ਗੁੰਮ ਹੋ ਗਿਆ ਸਮਝੋ ਅਤੇ ਹੋਰ ਪਰਚਾ ਭੇਜਣ ਲਈ ਕਾਰਡ ਪਾਓ।

(੪) ਪੀੜਤ ਪਰਵਾਰ ਫ਼ੰਡ ਦੀ ਰਕਮ "ਅਖੰਡ ਕੀਰਤਨੀ ਜਥਾ" ਦੇ ਨਾਂ ਭੇਜੋ, ਹੋਰ ਕਿਸੇ ਨਾਮ ਤੇ ਨਾ ਭੇਜੋ ਜੀ।

(੫) ਦੇਸਾਂ ਪਰਦੇਸਾਂ ਤੋਂ ਸੂਰਾ ਪੱਤਰ ਨੂੰ ਅੰਮ੍ਰਿਤਸਰ ਤੋਂ ਬਿਨਾਂ ਕਿਸੇ ਹੋਰ ਸ਼ਹਿਰ ਦੇ ਭੇਜੇ ਚੈਕ ਜਾਂ ਡਰਾਫ਼ਟ ਵਿਚ, ਅਸਲ ਰਕਮ ਤੋਂ ਵਧ ਦਸ ਰੁਪਏ ਬੈਂਕ ਕਮਿਸ਼ਨ ਭੇਜੋ ਜੀ।



www.AKJ.Org

# ਕੀ ਖਟਿਐ, ਕੀ ਗਵਾਇਐ ?

ਪੰਜਾਬ ਗੁਰਦਵਾਰਾ ਐਕਟ 1925 ਕੌਮ ਨੇ ਬੜੀ ਜਦੋ ਜਹਦ ਕਰ ਕੇ ਬਣਵਾਇਆ ਤੇ ਇਸ ਨੂੰ ਕੌਮ ਦੀ ਇਕ ਵਡੀ ਪ੍ਰਾਪਤੀ ਸਮਝਿਆ ਜਾਂਦਾ ਹੈ।

2. ਗੁਰਦਵਾਰਾ ਐਕਟ ਅਧੀਨ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਹੋਂਦ ਵਿਚ ਆਈ, ਜਿਸ ਦੁਆਰਾ ਉਸ ਸਮੇਂ ਗੁਰਦਵਾਰਾ ਪ੍ਰਬੰਧ ਵਿਚ ਕਾਫ਼ੀ ਸੁਧਾਰ ਆਇਆ ਅਤੇ ਕੌਮ ਦੀ ਇਸ ਕੇਂਦਰੀ ਸੰਸਥਾ ਨੇ ਪ੍ਰਬੰਧ ਤੋਂ ਇਲਾਵਾ ਧਰਮ ਪਰਚਾਰ ਖੇਤਰ ਵਿਚ ਵੀ ਨਿਗਰ ਕੰਮ ਕੀਤਾ।

3. ਸਮੇਂ ਦੇ ਗੇੜ ਨਾਲ ਸ਼੍ਰੋ: ਗੁ: ਪ੍ਰ: ਕਮੇਟੀ ਵਿਚ ਨਿਘਾਰ ਆ ਗਿਆ ਹੈ। ਪਿਛਲੇ ਦਹਾਕੇ ਤੋਂ ਇਹ ਕਮੇਟੀ ਵਾਦ-ਵਿਵਾਦ ਦਾ ਵਿਸ਼ਾ ਬਣੀ ਹੋਈ ਹੈ ਤੇ ਹੁਣ ਇਸ ਵਿਚ ਲੱਖਾਂ ਰੁਪਏ ਦੀ ਘਪਲਾ-ਬਾਜ਼ੀ ਦੀਆਂ ਖ਼ਬਰਾਂ ਅਖਬਾਰਾਂ ਵਿਚ ਛਪੀਆਂ ਹਨ।

4. ਸ਼੍ਰੋ: ਗੁ: ਪ੍ਰ: ਕਮੇਟੀ ਸਿਖ ਕੌਮ ਦੀ ਕੇਂਦਰੀ ਧਾਰਮਿਕ ਸੰਸਥਾ ਗਿਣੀ ਜਾਂਦੀ ਹੈ ਅਤੇ ਇਸ ਦੀ ਕਾਰਗੁਜ਼ਾਰੀ ਉਤੇ ਹੀ ਕੌਮ ਦੇ ਵਕਾਰ ਦਾ ਨਿਰਭਰ ਹੈ। ਘਪਲੇ-ਬਾਜ਼ੀ ਦੀਆਂ ਖ਼ਬਰਾਂ ਨਾਲ ਕੌਮ ਦਾ ਵਿਚਾਰ ਯਕੀਨਨ ਨੀਵਾਂ ਹੋ ਰਿਹਾ ਹੈ, ਨਮੋਸ਼ੀ ਹੋ ਰਹੀ ਹੈ।

5. ਇਸ ਨਿਘਾਰ ਦੇ ਕਈ ਕਾਰਨ ਹੋ ਸਕਦੇ ਹਨ, ਪਰ ਸਭ ਤੋਂ ਮੁਖ ਕਾਰਨ ਇਹ ਜਾਪਦਾ ਹੈ ਕਿ ਇਸ ਧਾਰਮਕ ਸੰਸਥਾ ਦਾ ਕੰਟਰੋਲ ਸਿਆਸੀ ਜਥੇਬੰਦੀ ਦੇ ਹੱਥ ਹੈ, ਜੋ ਆਪਸੀ ਫੁਟ ਅਤੇ ਖ਼ੁਦਗਰਜ਼ੀ ਕਾਰਨ ਲੀਰੋ ਲੀਰ ਹੋਈ ਪਈ ਹੈ। 'ਧਰਮ ਸਿਆਸਤ ਇਕ' ਦਾ ਸਿਧਾਂਤ ਮਿਥ ਕੇ ਸਿਆਸੀ ਬੰਦੇ ਇਸ ਧਾਰਮਕ ਸੰਸਥਾ ਦਾ ਖਿਲਵਾੜ ਕਰੀ ਜਾ ਰਹੇ ਹਨ। ਕੀ ਧਾਰਮਕ ਤੇ ਕੀ ਪ੍ਰਬੰਧਕ ਪਦ-ਪਦਵੀਆਂ, ਸਭਨਾਂ ਤੇ ਵਿਅਕਤੀ ਨਿਯੁਕਤ ਕਰਨ ਜਾਂ ਹਟਾਉਣ ਵਿਚ ਬੇਨਿਯਮੀ ਹੀ ਨਹੀਂ, ਧਾਂਧਲੀ ਹੈ। ਯੋਗ ਅਧਿਕਾਰੀਆਂ ਦਾ ਕੰਟਰੋਲ ਨਾ ਹੋਣ ਕਾਰਨ ਪ੍ਰਬੰਧਕੀ ਅਤੇ ਧਾਰਮਿਕ ਹਰ ਪਖੋਂ ਹਾਲਤ ਤਰਸ ਜੋਗ ਹੈ। ਸਿਆਸੀ ਪਾਰਟੀ ਕੋਈ ਵੀ ਹੋਵੇ, ਉਸ ਵਿਚ ਖ਼ੁਦਗਰਜ਼ੀ ਹੀ ਹੀ ਪ੍ਰਧਾਨ ਹੋਵੇਗੀ। ਧਰਮ ਉਤੇ ਸਿਆਸਤ ਦਾ ਕੁੰਡਾ ਨਹੀਂ, ਬਲਕਿ ਸਿਆਸਤ ਉਤੇ ਧਰਮ ਦਾ ਕੁੰਡਾ ਚਾਹੀਦਾ ਹੈ।

ਸੋ ਹੁਣ ਲੋੜ ਇਸ ਗੱਲ ਦੀ ਹੈ ਕਿ ਧਾਰਮਿਕ ਰੁਚੀ ਵਾਲੇ ਪ੍ਰਸਿਧ ਸੁਜੋਗ ਜੱਜਾਂ ਤੇ ਅਧਾਰਤ ਇਕ ਕਮਿਸ਼ਨ ਬਣਾਇਆ ਜਾਵੇ, ਜੋ ਸ਼੍ਰੋ: ਗੁ: ਪ੍ਰ: ਕਮੇਟੀ ਦੀ ਪ੍ਰਬੰਧਕ ਅਤੇ ਧਾਰਮਿਕ ਪਖੋਂ ਕਾਰਗੁਜ਼ਾਰੀ ਦਾ ਲੇਖਾ-ਜੋਖਾ ਕਰ ਕੇ ਸੁਝਾਅ ਦੇਵੇ ਕਿ ਇਸ ਵਿਚ ਸੁਧਾਰ ਕਿਵੇਂ ਸੰਭਵ ਹੋ ਸਕਦਾ ਹੈ। ਇਹ ਕੰਮ ਨਾ ਤਾਂ ਸਿਆਸੀ ਜਥੇਬੰਦੀ ਨੇ ਕਰਨਾ ਹੈ ਤੇ ਨਾ ਹੀ ਵਰਤਮਾਨ ਪ੍ਰਬੰਧਕ ਟੋਲੀ ਨੇ। ਇਹ ਕੰਮ ਧਾਰਮਿਕ ਜਥੇਬੰਦੀ ਨੂੰ ਹੀ ਕਰਨਾ ਪੈਣਾ ਹੈ ਤੇ ਹਰੇਕ ਦੀ ਨਜ਼ਰ ਸ੍ਰੀ ਅਕਾਲ ਤਖ਼ਤ ਸਾਹਿਬ ਉਤੇ ਹੀ ਜਾਂਦੀ ਹੈ।

---


## 'ਸੂਰਾ' ਵਲੋਂ ਗੁਰਮਤਿ ਪਰਚਾਰ ਲਈ ਟ੍ਰੈਕਟ ਤੇ ਪੁਸਤਕਾਂ

ਜੀਵਨ ਚਰਿੱਤਰ ਭਾਈ ਸਾਹਿਬ ਰਣਧੀਰ ਸਿੰਘ ਜੀ (ਕਈ ਵਾਧਿਆਂ ਸਮੇਤ ੧੦ ਚਿਤਰ,੭੭੨ਪੰਨੇ, ਸੁੰਦਰ ਦੱਖ) ੭-੦੦

| | | | |
|---|---|---|---|
| ਪੂਰਬ ਜਨਮ ਕੇ ਮਿਲੇ ਸੰਜੋਗੀ | ੪-੦੦ | ਖਾਲਸਾ ਰਹਿਤ ਕੇਸਕੀ (ਦਸਤਾਰ) | ੧-੦੦ |
| ਭਾ: ਸਾ: ਰਣਧੀਰ ਸਿੰਘ ਸ਼ਤਾਬਦੀ ਅੰਕ (ਸਚਿਤ੍ਰ) | ੨-੫੦ | ਗੁਰਬਾਣੀ ਦੀ ਪਾਰਸਕਲਾ(ਭਾ:ਸਾਹਿਬ ਕ੍ਰਿਤ) | ੦-੮੦ |
| ਖ਼ਾਲਸਾ ਰਹਿਤ ਮਰਯਾਦਾ (ਟਰੈਕਟ) | ੨-੦੦ | ਪ੍ਰਗਟੀ ਜੋਤਿ ਮਿਲੇ ਰਾਮ ਪਿਆਰੇ ,, | ੦-੯੦ |
| ਗੁਰਸਿਖ ਰਹਿਣੀ (ਪ੍ਰੋ: ਅਮਰਜੀਤ ਕੌਰ) | ੦-੮੦ | ਕੀ ਕੇਸ ਰਖਣੇ ਜ਼ਰੂਰੀ ਹਨ ? ,, | ੦-੬੦ |
| ਤਉ ਕਿਉ ਮੁਰਗੀ ਮਾਰੈ (ਤਲਵਾੜਾ ਜੀ) | ੧-੦੦ | ਗੁਰੁ ਮੇਰੈ ਸੰਗਿ ਸਦਾ ਹੈ ਨਾਲੇ ,, | ੦-੫੦ |
| HAIR—A Divine Gift | 0-40 | ਗੁਰਮਤਿ ਅਨਹਦ ਸ਼ਬਦ ,, | ੦-੫੦ |
| Dawn of Divine Wisdom | 0-75 | ਸ਼ਹੀਦ ਭਗਤ ਸਿੰਘ ਨਾਲ ਮੁਲਾਕਾਤ ,, | ੦-੫੦ |
| ਲੜੀਦਾਰ ਸਰੂਪ—ਸ੍ਰੀ ਗੁਰੂ ਗ੍ਰੰਥ ਸਾਹਿਬ | ੧-੮੦ | ਸ਼ਬਦ ਗੁਰੂ—ਸ੍ਰੀ ਗੁਰੂ ਗ੍ਰੰਥ ਸਾਹਿਬ ,, | ੧-੦੦ |
| ਗੁਰਬਾਣੀ ਰਹਿਤਨਾਮਾ (੬੦ ਪੰਨੇ) | ੧-੦੦ | ਰਾਗਮਾਲਾ ਬਾਰੇ ਵਿਚਾਰ (ਉਘੇ ਵਿਦਵਾਨ) | ੧-੦੦ |





www.AKJ.Org

# ਵੈਸਾਖੀ ਸਮੇਂ ਦਸਮ ਪਿਤਾ ਦੀ ਲਲਕਾਰ

[ਸ: ਅਤਰ ਸਿੰਘ ਜੀ ਨੀਰ, 289 A/Q, ਪੀਤਮ ਪੁਰਾ ਦਿਲੀ-34]

ਬਹਾਦਰਾਂ ਵਿਚੋਂ ਮਹਾਂ ਬਹਾਦਰ, ਗੁਰੂਆਂ ਵਿਚੋਂ ਗੁਰੂ।
ਗੁਰੂ ਗੋਬਿੰਦ ਸਿੰਘ ਦਸਮ ਪਿਤਾ, ਉਪਦੇਸ਼ ਕੀਤਾ ਇਉਂ ਸ਼ੁਰੂ:
ਮਹਾਂ ਪਾਪ "ਕਮਜ਼ੋਰੀ" ਲੋਕੋ, ਮਨ ਦੀ ਹੋਇ ਜਾਂ ਤਨ ਦੀ।
ਵਿਚ ਸਮਾਜ ਦੇ ਥਾਂ ਨ ਮਿਲਦੀ, ਗਰੀਬੀ ਹੋਇ ਜੇ ਧਨ ਦੀ।
ਦੇਸ਼ ਅੰਦਰ ਨਹੀਂ ਜੁਰਅਤ-ਤਾਕਤ, ਜਕੜਿਆ ਹੈ ਗੁਲਾਮੀ।
ਪਸ਼ੂਆਂ ਵਾਂਗੂ ਹਿਕੀ ਜਾਵੇ, ਖ਼ਲਕ ਸਵੇਰੇ ਸ਼ਾਮੀ।
ਬੇਗੁਨਾਹਾਂ ਦਾ ਲਹੂ ਡੁਲ੍ਹਦਾ, ਅਨੱਰਥ ਬੜਾ ਹੈ ਭਾਰੀ।
ਰੋਜ਼ ਦਿਹਾੜੀ ਟੁਕਿਆ ਜਾਵੇ, ਬੱਚਾ ਬੁੱਢਾ ਨਾਰੀ।
ਜੀਂਦੇ ਹੋਇ ਵੀ ਮੋਈ ਮੋਈ ਦਿੱਸੇ, ਸੋਹਣੀ ਸ਼ਕਲ ਨੂਰਾਨੀ।
ਮੱਖੀ ਮੱਛਰ ਵਾਂਗੂ ਦਰੜੀ ਜਾਵੇ ਨਿਤ ਜ਼ਿੰਦਗਾਨੀ।
ਇਹ ਜੀਣਾ ਕੋਈ ਜੀਣਾ ਨਹੀਂ ਏ, ਸੁਣ ਲਉ ਮੇਰੀ ਕਹਿਣੀ।
ਬਦਲ ਦਿਆਂ ਇਹ ਹਾਲਤ ਸਾਰੀ, ਬਦਲਾਂ ਰਹਿਣੀ ਬਹਿਣੀ।
ਹਰ ਇਕ ਪੱਖ ਤੋਂ ਮੈਂ ਬਣਾਵਾਂ, ਸਭ ਨੂੰ ਸ਼ਕਤੀਸ਼ਾਲੀ।
ਰੰਗ ਰੂਪ ਤੇ ਸ਼ਕਲ ਜ਼ਹਿਨੀਅਤ, ਵਖਰੀ ਆਭਾ ਵਾਲੀ।
ਸੰਜਮ ਨੂੰ ਪਰਧਾਨ ਬਣਾਣਾ, ਸਦਾਚਾਰ ਮੁਖ ਸ਼ਕਤੀ।
ਦੁਸ਼ਟ ਵੈਰੀਆਂ ਨੂੰ ਜਿੱਤੇਗਾ, ਮੇਰਾ ਹਰ ਇਕ ਵਿਅੱਕਤੀ।
ਬੱਲ ਵਾਲੇ ਸਰੀਰ ਗਠੀਲੇ, ਚਿਹਰਿਆਂ ਉਤੇ ਲਾਲੀ।
ਸ਼ਾਂਤ, ਪ੍ਰਸੰਨ, ਉਤਸ਼ਾਹੀ ਹਿਰਦੇ, ਪਖਪਾਤ ਤੋਂ ਖ਼ਾਲੀ।
ਪਿਆਰ, ਭਰੱਪਣ, ਇਕ-ਸਮਾਨਤਾ, ਪਰ-ਸੁਆਰਥ, ਸੇਵਾ।
ਸੁਚੇ ਗੁਣ ਇਹ ਸਿਖ ਵਿਚ ਹੋਸਣ, ਜਿਉਂ ਮੁੰਦਰੀ ਵਿਚ ਥੇਵਾ।
ਜੀਵਨ ਦੇ ਨਿਰਬਾਹ ਦੇ ਲਈ, ਵਿਹਾਰ ਸੁਚਾ ਤੇ ਆਹਲਾ।
ਵਿਹਲੜਪਣ ਤੇ ਆਲਸ ਛੱਡ ਕੇ, ਜੀਵਨ ਜੀਣ ਸਚਾਲਾ।
ਲਾਹਣੇ ਮੈਂ ਜ਼ੰਗਾਲ ਮਨਾਂ ਦੇ, ਸਦੀਆਂ ਦੇ ਜੋ ਚੰਬੜੇ।
ਜ਼ਾਲਮ ਜ਼ੁਲਮ ਦੁਹਾਂ ਨੂੰ ਕਰਨਾ, ਕਬਰਾਂ ਦੇ ਵਿਚ ਲਮੜੇ।
ਦੇਵੀ ਦੇਵਤੇ ਛੋੜ ਕੇ ਪੂਜਾ, ਇਕ ਅਕਾਲ ਦੀ ਕਰਨੀ।
ਦੀਨ-ਹੀਨ ਦੀ ਰਖਿਆ ਦੀ ਫੜਨੀ ਹੱਥ ਸਿਮਰਨੀ।
ਜਨਮ-ਜਾਤਿ ਤੇ ਊਚ ਨੀਚ, ਛੂਆ ਛਾਤ ਦੇ ਪੁਆੜੇ।
ਵਰਨਾਂ ਦੀ ਜਿਲ੍ਹਣ ਚੋਂ ਕਢਣੇ, ਨਿੱਕੇ ਵੱਡੇ ਮਾੜੇ।
ਹਿੰਮਤ-ਹੌਸਲਾ ਦੇਣਾ ਐਸਾ, ਜੋ ਲੱਖਾਂ ਨੂੰ ਘੇਰੇ।
ਚਿੜੀਆਂ ਕੋਲੋਂ ਬਾਜ਼ ਤੁੜਾਣੇ, ਇਹ ਕਰਤੱਵ ਨੇ ਮੇਰੇ।
ਦੇਸ ਅਜ਼ਾਦੀ ਲਈ ਹਥਾਂ ਵਿਚ, ਖੰਡਾ ਸਦਾ ਹੀ ਚਮਕੇ।
ਕਛ, ਕੜਾ, ਕੰਘਾ, ਕੇਸਕੀ, ਕਿਰਪਾਨ ਗਾਤਰੇ ਲਮਕੇ।



www.AKJ.Org

ਖੰਡੇ ਬਾਟੇ ਦਾ ਹੈ ਅੰਮ੍ਰਿਤ, ਸਿਖ ਲਈ ਬੜਾ ਜ਼ਰੂਰੀ।
ਗਿਦੜੋਂ ਸ਼ੇਰ ਬਣਾ ਕੇ, ਕਰਦਾ ਜੀਵਨ ਬੜਾ ਸਰੂਰੀ।
ਪਿਤਾ ਨੇ ਦਿਤੀ ਹਿੰਦੂ ਧਰਮ ਲਈ, ਆਪਣੀ ਜਾਨ ਪਿਆਰੀ।
ਦੇਸ਼ ਪੰਥ ਲਈ ਵਾਰ ਦੇਵਣੀ, ਮੈਂ ਸਰਬੰਸ-ਕਿਆਰੀ।
ਰਹਿਣ ਨ ਦੇਣਾ ਰਾਜ ਜ਼ੁਲਮ ਦਾ, ਹਿੰਦ ਦੇ ਅੰਦਰ ਵੀਰੋ।
ਸਿਰ ਹਥੇਲੀ, ਮੌਤ ਨੂੰ ਚੁੰਮੇ, ਕੌਣ-ਕਿਹੜਾ ਬਲਬੀਰੋ।
ਨਿਤਰੇ ਕਈ ਹਜ਼ਾਰਾਂ ਵਿਚੋਂ, ਪੰਜ ਸੂਰਮੇ ਪਿਆਰੇ।
'ਨੀਰ' ਜਿਨ੍ਹਾਂ ਨੂੰ ਪੰਥ ਸਮੁੱਚਾ, ਨਿਉਂ ਨਿਉਂ ਪਿਆ ਨਮਸਕਾਰੇ।

# ੧੬੯੯ ਦੀ ਵਿਸਾਖੀ

[ਗਿਆਨੀ ਗੋਪਾਲ ਸਿੰਘ ਜੀ 'ਮਿੱਤਰ', ਗੁੜਗਾਉਂ]

ਦੀਨਾਂ ਅਤੇ ਦੁਖੀਆਂ ਦੇ ਸਹਾਈ ਬਾਜਾਂ ਵਾਲੇ ਗੁਰੂ, ਵੈਸਾਖੀ ਵਾਲੇ ਦਿਨ ਇਕ ਲਿਆਂਦਾ ਇਨਕਲਾਬ ਸੀ।
ਸਮੇਂ ਤੇ ਸਮਾਜ ਦੇ ਧ੍ਰਿਕਾਰੇ ਤ੍ਰਿਸਕਾਰੇ ਜਦੋਂ, ਰੋਂਦੇ ਕੁਰਲਾਂਦਿਆਂ ਦੀ ਹਾਲਤ ਖ਼ਰਾਬ ਸੀ।
ਕਿਰਤੀਆਂ ਤੇ ਕਾਮਿਆਂ ਲਈ ਐਸੇ ਵਾਤਾਵਰਨ ਵਿਚ, ਸੁੱਖ ਨਾਲ ਜੀਵਨ ਬਿਤਾਣਾ ਇਕ ਖ਼੍ਵਾਬ ਸੀ।
ਭਿੱਟ ਭਿੱਟ ਤੇ ਛੂ ਛੂ ਤੋਂ ਹੋਏ ਮਜਬੂਰ ਬੰਦੇ, ਸਮੇਂ ਦੀ ਉਡੀਕ ਵਿਚ ਹੋਏ ਬੇਤਾਬ ਸੀ।

ਕਰ ਕੇ ਪੜਚੋਲ ਸਤਿਗੁਰੂ ਦਸਮੇਸ਼ ਜੀ ਨੇ, ਸੁੱਤੀ ਹੋਈ ਕੌਮੀ ਅਣਖ-ਆਣ ਨੂੰ ਵੰਗਾਰਿਆ।
'ਪੁਰੀ ਆਨੰਦ' ਵਿਚ ਆਨੰਦ-ਦਾਤਾ ਸਤਿਗੁਰੂ ਨੇ, ਜਜ਼ਬੇ ਸਮਾਜ ਦੇ ਨੂੰ ਝੂਣਿਆ ਉਭਾਰਿਆ।
ਦੇਣ ਲਈ ਸੁਚੱਜੀ ਅਗਵਾਈ ਇਮਤਿਹਾਨ ਲਿਆ, ਪ੍ਰੀਖਿਆ ਤੋਂ ਪਾਸ ਕਰ ਪੰਜਾਂ ਨੂੰ ਨਿਤਾਰਿਆ।
ਬਾਰ੍ਹਾਂ-ਵੰਨੀ ਖ਼ਾਲਸ ਬਣਾ ਕੇ ਸੋਹਣੇ ਖ਼ਾਲਸੇ ਨੂੰ, ਜੱਗ ਵਿੱਚ ਸਾਬਤ ਸਰੂਪ ਖਲਿਹਾਰਿਆ।

ਖੰਡੇ-ਧਾਰ ਪਾਹੁਲ ਬਖ਼ਸ਼ੀਸ਼ ਕਰ ਹਿਰਦਿਆਂ ਚੋਂ ਸਦਾ ਲਈ ਮਾਨੋ ਮਾਰ ਕੱਢੀਆਂ ਬੁਰਿਆਈਆਂ।
ਜੀਣ ਲਈ ਜੀਵਨ ਅਨੰਦ-ਮਈ ਜੱਗ ਵਿਚ, ਦੀਰਘ ਵਿਚਾਰ ਭਰੀਆਂ ਰਹਿਤਾਂ ਸਮਝਾਈਆਂ।
ਜਬਰ ਅੱਤੇ ਜ਼ੁਲਮ ਦੇ ਵਿਰੁੱਧ ਖੜੇ ਹੋਣ ਲਈ, ਹੱਥਾਂ ਵਿਚ ਤੇਗ਼ਾਂ ਤਲਵਾਰਾਂ ਪਕੜਾਈਆਂ।
ਐਸੇ ਬਲੀ ਖ਼ਾਲਸੇ ਦੀ ਸਾਜਨਾ ਦੀ ਖ਼ੁਸ਼ੀ ਵਿਚ, 'ਮਿੱਤਰ' ਸਾਰੇ ਪੰਥ ਤਾਈਂ ਲੱਖ ਲੱਖ ਵਧਾਈਆਂ।

## ਪੀੜਤ ਮਦਰਾਸੀ ਪਰਵਾਰ ਬਾਰੇ

ਕਈ ਸਜਣਾਂ ਨੇ ਮਦਰਾਸੀ ਪਰਵਾਰ ਦਾ ਐਡਰੈਸ ਪੁਛ ਭੇਜਿਆ ਹੈ, ਜੋ ਇਉਂ ਹੈ :-

ਬੀਬੀ ਅਮਰ ਕੌਰ ਸੁਪਤਨੀ ਗੁਰਪੁਰਵਾਸੀ ਭਾਈ ਹਰਭਜਨ ਸਿੰਘ ਜੀ (ਰਾਮੁਲੂ ਪੈਟਾ)
ਹਨੂੰਮਾਨ ਨਗਰ ELURU 534001 ਜ਼ਿਲਾ ਵੈਸਟ ਗੋਦਾਵਰੀ (A.P.)


## ਜੀਵਨ-ਚਰਿਤਰ ਭਾ: ਸਾ: ਰਣਧੀਰ ਸਿੰਘ ਜੀ

੧. ਇਸ ਪੁਸਤਕ ਵਿਚ ਭਾਈ ਸਾਹਿਬ ਦਾ ਪੂਰਨ ਜੀਵਨ ਅਤੇ ਜੇਲ੍ਹਾਂ ਦੇ ਭਿਆਨਕ ਕਸ਼ਟਾਂ ਦੇ ਸਮਾਚਾਰ ਦਿਤੇ ਹੋਏ ਹਨ।
੨. ਕੀਰਤਨ-ਸਮਾਗਮਾਂ ਵਿਚ ਵਰਤਦੇ ਅਨੂਪਮ ਰੰਗਾਂ ਦੇ ਝਲਕਾਰੇ ਦਰਸਾਉਣ ਦੇ ਜਤਨ ਕੀਤੇ ਗਏ ਹਨ।
੩. ਭਾਈ ਸਾਹਿਬ ਦੇ ਨਿਕਟਵਰਤੀਆਂ ਤੇ ਪ੍ਰੀਤਵਾਨਾਂ ਦੇ ਪ੍ਰੀਤ-ਪਿਆਰ ਭਰੇ ਕਈ ਸਮਾਚਾਰ ਵੀ ਪੁਸਤਕ ਦਾ ਸ਼ਿੰਗਾਰ ਬਣੇ ਹਨ।
੪. ਅੰਤ ਵਿਚ ਤੱਤ ਗੁਰਮਤੀ ਕੀਮਤਾਂ-ਕਦਰਾਂ ਨੂੰ ਉਜਾਗਰ ਕਰਨ ਵਾਲੇ ਚਾਰ ਦੁਰਲਭ ਟਰੈਕਟ ਦਿਤੇ ਗਏ ਹਨ।

ਕਈ ਵਾਧਿਆਂ ਸਮੇਤ ੧੦ ਚਿਤਰ, ਪੰਨੇ ੨੭੨, ਸੁੰਦਰ ਦੱਖ, ਭੇਟਾ ਕੇਵਲ ਸਤ ਰੁਪਏ





www.AKJ.Org

# ਸ਼ਹੀਦੀ ਤੇ ਪੀੜਤ ਪਰਵਾਰ ਫ਼ੰਡ

ਇਸ ਮਹੀਨੇ ਪੀੜਤ ਪਰਵਾਰਾਂ ਲਈ ਹੇਠ ਲਿਖੀ ਸਹਾਇਤਾ ਪੁਜੀ ਹੈ—

| | |
|---|---|
| ਗੁਪਤ ਸਿੰਘ (ਹੜ੍ਹ ਪੀੜਤਾਂ ਲਈ) | ੧੦੧-੦੦ |
| CPL ਕੁਲਦੀਪ ਸਿੰਘ ਬੰਗਲੌਰ | ੧੦੦-੦੦ |
| ਸ: ਸੰਤੋਖ ਸਿੰਘ, ਓਨਟੇਰੀਓ ਕੇਨੇਡਾ | ੪੮੫੮-੦੦ |
| ਸ: ਸਾਧੂ ਸਿੰਘ, ਵਰਨਨ ਕੈਨੇਡਾ | ੧੧੪੩੮-੦੦ |
| ਅਖੰਡ ਕੀਰਤਨੀ ਜਥਾ ਮੇਰਠ | ੨੧੦੦-੦੦ |
| ਸ: ਹਰਬੰਸ ਸਿੰਘ ਸੰਧੂ, ਸਰਾਵਾਂ (ਅੰਬਾਲਾ) | ੧੦੦-੦੦ |
| ਗੁ: ਸ੍ਰੀ ਗੁਰੂ ਸਿੰਘ ਸਭਾ,ਸਿਡਨੀ,ਆਸਟ੍ਰੇਲੀਆ | ੧੨੭੩੮-੦੦ |
| ਸ: ਰਾਜਿੰਦਰ ਸਿੰਘ, ਸਿੰਘਾਪੁਰ | ੧੧੦੦-੦੦ |
| ਡਾ: ਮਹਿੰਦਰ ਸਿੰਘ ਡੈਂਟਲ ਸਰਜਨ ਅੰਮ੍ਰਿਤਸਰ | ੧੦੧-੦੦ |
| ਕਲਾਥ ਫ਼ੈਕਟ੍ਰੀ ਬੀ. ਗਿਲ ਲਿਮਿ: ਵਿਕਸਨਗ੍ਰੀਨ | ੫੧੭੫-੦੦ |
| ਸ: ਚਰਨਜੀਤ ਸਿੰਘ ਲੁਧਿਆਣਾ | ੯੦-੦੦ |
| ਗੁਪਤ ਸਿੰਘ | ੫੦-੦੦ |
| ਸ: ਅਮਰਜੀਤ ਸਿੰਘ, ਕੁਐਸਲੈਂਡ ਆਸਟ੍ਰੇਲੀਆ | ੯੯੦-੦੦ |
| ਭਾਈ ਗੁਰਨਾਮ ਸਿੰਘ, ਗ੍ਰੇਵਜ਼ੈਂਡ ਯੂ ਕੇ | ੨੯੭-੦੦ |
| ਬੀਬੀ ਅੰਮ੍ਰਿਤ ਕੌਰ, ਅੰਬਾਲਾ ਛਾਉਣੀ | ੩੦੦੦-੦੦ |
| ਸ: ਮਹਿੰਦਰ ਸਿੰਘ, ਆਰਲਿੰਗਟਨ ਯੂ ਐਸ ਏ | ੫੦੫੬-੦੦ |
| ਸ: ਤਰਲੋਕ ਸਿੰਘ, ਮਹਿੰਦਰਗੜ੍ਹ (ਸ਼ਹੀਦੀ ਫੰਡ) | ੧੦੦-੦੦ |
| ਬੀਬੀ ਸਰਬਜੀਤ ਕੌਰ, ਮਹਿੰਦਰਗੜ੍ਹ | ੧੦੦-੦੦ |
| ਭਾ: ਮਹਿੰਦਰ ਸਿੰਘ, ਨਵੀਂ ਦਿਲੀ (ਗੁਰੂ ਕੀ ਗੋਲਕ) | ੨੦੦-੦੦ |
| ਡਾ: ਮਹਿੰਦਰ ਸਿੰਘ,ਅੰਮ੍ਰਿਤਸਰ (ਉਦਘਾਟਨ ਦੁਕਾਨ) | ੫੦-੯੫ |
| ਸ: ਬੇਅੰਤ ਸਿੰਘ, ਨਵੀਂ ਦਿਲੀ | ੧੦੦-੦੦ |
| ਸ: ਪ੍ਰਦੰਮਨ ਸਿੰਘ, ਜਲੰਧਰ | ੧੦੦-੦੦ |
| ਇੰਟਰਨੈਸ਼ਨਲ ਸਿਖ ਵੈਲਫ਼ੇਅਰ ਸੁਸਾਇਟੀ ਪੀੜਤ ਪਰਵਾਰਾਂ ਦੀ ਮਾਸਕ ਸਹਾਇਤਾ ਲਈ | ੧੪੪੦੦-੦੦ |
| ਸ: ਮਲਕੀਅਤ ਸਿੰਘ, ਸਲੋਅ ਯੂ.ਕੇ | ੫੪੦-੦੦ |
| ਸ: ਸ੍ਰਵਨ ਸਿੰਘ ਠਾਕਰ, ਸਲੋਅ ਯੂ ਕੇ. | ੫੬੭-੦੦ |
| ਸੰਗਤ, ਗੁਰਦਵਾਰਾ ਸਿਖ ਟੈਂਪਲ, ਸਵਿੰਡਨ | ੫੨੧੧-੦੦ |
| ਬਾਬਾ ਜੀਵਨ ਸਿੰਘ ਜੀ | ੧੪੦੦੦-੦੦ |
| ਭਾ: ਕੰਵਲਜੀਤ ਸਿੰਘ, ਲੁਧਿਆਣਾ | ੨੦੦-੦੦ |
| ਸੰਗਤ ਸਾਰੰਗਪੁਰ (ਮਦਰਾਸੀ ਪਰਵਾਰ ਲਈ) | ੧੧੧-੦੦ |
| ਭਾ: ਬੇਅੰਤ ਸਿੰਘ ਨਵੀਂ ਦਿਲੀ ,, ,, | ੧੦੦-੦੦ |

## ਗੁਰਸਿਖ ਪੀੜਤ ਪਰਵਾਰਾਂ ਨੂੰ ਦਿਤੀ ਗਈ ਸਹਾਇਤਾ

ਜਿਨ੍ਹਾਂ ਦੇ ਕਮਾਊ ਮੈਂਬਰ ਮਾਰੇ ਗਏ, ਜਾਂ ਲਾ-ਪਤਾ ਹਨ, ਜਾਂ ਕੈਦ ਹਨ, ਉਨ੍ਹਾਂ ਦੀਆਂ ਪਰਵਾਰਕ ਲੋੜਾਂ, ਬੱਚਿਆਂ ਦੀ ਪੜ੍ਹਾਈ ਅਤੇ ਕੇਸ ਦੀ ਪੈਰਵੀ ਆਦਿ ਲਈ ਹੇਠ ਲਿਖੀ ਮਦਦ ਦਿਤੀ ਗਈ।

| | |
|---|---|
| ਮਾਸਕ ਸਹਾਇਤਾ ਫੌਜੀ ਅਤੇ ਸ਼ਹੀਦੀ ਪਰਵਾਰਾਂ ਨੂੰ ਬੈਂਕ ਰਾਹੀਂ 2+6+5+8=21 | ੪੪੦੦-੦੦ |
| ਬੀ: ਗੁਰਬਚਨ ਕੌਰ ਪਤਨੀ ਭਾ: ਕੁਲਵੰਤ ਸਿੰਘ, ਰਿਆਜੀ ਜੈਂਤੀਪੁਰ ਗੁਰਦਾਸਪੁਰ (ਪਤੀ ਜੇਲ੍ਹ, ਕੇਸ ਦੀ ਪੈਰਵੀ ਤੇ ਪ੍ਰਵਾਰਕ ਲੋੜਾਂ) | ੪੦੦੦-੦੦ |
| ਬੀ: ਸੁਰਜੀਤ ਕੌਰ ਪਤਨੀ ਭਾ: ਪਿਆਰਾ ਸਿੰਘ, ਕਾਸਤੀਵਾਲ ਗੁਰਦਾਸਪੁਰ (ਪਤੀ ਜੇਲ੍ਹ, ਲੜਕਾ ਭਗੌੜਾ, ਮਕਾਨ ਢਠ ਗਿਆ) | ੪੦੦੦-੦੦ |
| ਬੀ: ਮਹਿੰਦਰ ਕੌਰ ਪਤਨੀ ਭਾ: ਮਖਣ ਸਿੰਘ, ਜੰਡਿਆਲਾ ਗੁਰੂ (ਪਤੀ ਜੇਲ੍ਹ, ਕੇਸ ਦੀ ਪੈਰਵੀ ਤੇ ਬਚਿਆਂ ਦੀ ਪੜ੍ਹਾਈ) | ੫੦੦੦-੦੦ |
| ਮਹਿੰਦਰ ਕੌਰ ਮਾਤਾ ਸ਼ਹੀਦ ਰਣਜੀਤ ਸਿੰਘ, ਤੁਸਿਕਾ (ਬੱਚੀਆਂ ਦੇ ਅਨੰਦ ਕਾਰਜ ਲਈ) | ੨੦੦੦-੦੦ |
| ਬੀ:ਸਿਮਰਨਜੀਤਕੌਰ ਸ਼ਹੀਦਪਤਨੀ ਭੁਪਿੰਦਰਪਾਲਸਿੰਘ,ਗੰਡੀਵਿੰਡ ਧਤਲ(ਬਚਿਆਂ ਦੀ ਪੜ੍ਹਾਈ ਤੇ ਪ੍ਰਵਾਰਕ ਲੋੜਾਂ) | ੧੦੦੦੦-੦੦ |
| ਬੀ: ਸੁਰਿੰਦਰ ਕੌਰ ਪਤਨੀ ਭਾ: ਰਤਨ ਸਿੰਘ, ਬਟਾਲਾ (ਪਤੀ ਜੇਲ੍ਹ, ਬੱਚੀਆਂ ਦੀ ਪੜ੍ਹਾਈ ਤੇ ਪ੍ਰਵਾਰਕ ਲੋੜਾਂ ਲਈ) | ੫੦੦੦-੦੦ |
| ਬੀ: ਜੋਗਿੰਦਰ ਕੌਰ ਪਤਨੀ ਭਾ: ਕਰਤਾਰ ਸਿੰਘ, ਨਵਾਂ ਪਿੰਡ, ਅੰਮ੍ਰਿਤਸਰ (ਬੀਬੀ ਵਿਧਵਾ, ਪੁਤਰ ਝੂਠੇ ਮੁਕਾਬਲੇ ਦਾ ਸ਼ਿਕਾਰ, ਘਰੋਗੀ ਲੋੜਾਂ ਲਈ) | ੫੦੦੦-੦੦ |
| ਬੀ: ਗੁਰਦੀਪ ਕੌਰ ਪਤਨੀ ਭਾ: ਬਲਦੇਵ ਸਿੰਘ, ਰਾਮਪੁਰ, ਅੰਮ੍ਰਿਤਸਰ (ਨੌਜੁਆਨ ਪੁਤਰ ਲਾ-ਪਤਾ, ਕੋਈ ਕਮਾਊ ਮੈਂਬਰ ਨਹੀਂ ਘਰੋਗੀ ਲੋੜਾਂ ਲਈ) | ੫੦੦੦-੦੦ |

## ਹੜ੍ਹ-ਪੀੜਤ ਪਰਵਾਰਾਂ ਨੂੰ ਕੈਸ਼ ਦਿਤੀ ਸਹਾਇਤਾ

ਬਿਆਸ ਦਰਿਆ ਹੜ੍ਹ ਦੇ ਪਾਣੀ ਨੇ ਧੁੱਸੀ ਬੰਨ੍ਹ ਤੋੜ ਕੇ ਗੁਰਦਾਸਪੁਰ ਜ਼ਿਲੇ ਦੇ ਪਿੰਡ ਬੁਢਾ ਬਾਲਾ ਨੂੰ ਸਿਧੀ ਟਕਰ ਮਾਰੀ ਤੇ ਤਬਾਹੀ ਮਚਾ ਦਿਤੀ। ਨਾਲ ਦੇ ਪਿੰਡ ਨੂੰਨਾ ਅਤੇ ਫਤੂ ਬਰਕਤਾਂ ਦੀ ਵੀ ਕਾਫ਼ੀ ਤਬਾਹੀ ਹੋਈ! ਉਪਜਾਊ ਧਰਤੀ ਰੇਤ ਦੇ ਉਚੇ ਟਿਲੇ ਬਣ ਗਏ ਹਨ। ਜ਼ਿਮੀਦਾਰਾਂ ਦੀ ਖਸਤਾ ਹਾਲਤ ਵਿਚ ਇਨ੍ਹਾਂ ਪਿੰਡਾਂ ਦੇ ਪਰਵਾਰਾਂ ਨੂੰ ਹੇਠ ਲਿਖੀ ਨਕਦ ਸਹਾਇਤਾ ਦਿਤੀ ਗਈ——

| | |
|---|---|
| ਪਿੰਡ ਬੁਢਾ ਬਾਲਾ ਦੇ ਹੜ੍ਹ-ਪੀੜਤ ਪਰਵਾਰਾਂ ਨੂੰ ਨਕਦ | ੩੪,੦੦੦-੦੦ |
| ਪਿੰਡ ਨੂੰਨਾ ਦੇ ਹੜ੍ਹ-ਪੀੜਤ ਪਰਵਾਰਾਂ ਨੂੰ ਨਕਦ | ੮,੮੦੦-੦੦ |
| ਪਿੰਡ ਫਤੂ ਬਰਕਤਾਂ ਦੇ ਹੜ੍ਹ-ਪੀੜਤ ਪਰਵਾਰਾਂ ਨੂੰ ਨਕਦ | ੧,੯੦੦-੦੦ |
| ਪਿੰਡ ਭਾਵ ਦੇ ੨੫ ਮਜ਼ਦੂਰ, ਜੋ ਰੁੜ੍ਹ ਗਏ, ਉਨ੍ਹਾਂ ਦੇ ਪਰਵਾਰਾਂ ਨੂੰ ਨਕਦ | ੨,੫੦੦-੦੦ |
| ਸ: ਸਵਿੰਦਰ ਸਿੰਘ ਪੁਤਰ ਸੁਰਗੀ ਮਖਣ ਸਿੰਘ ਬਲ (ਅੰਮ੍ਰਿਤਸਰ)(ਹੜ੍ਹਾਂ ਨਾਲ ਮਕਾਨ,ਮਾਲ ਡੰਗਰ ਤੇ ਖੇਤੀ ਤਬਾਹ) | ੫੦੦੦-੦੦ |
| ਸ: ਅਮਰਜੀਤ ਸਿੰਘ ਪੁਤਰ ਸ: ਦਰਸ਼ਨਸਿੰਘ , ਕੋਟਲੀ (ਅੰਮ੍ਰਿਤਸਰ) (ਹੜ੍ਹਾਂ ਨਾਲ ਮਕਾਨ ਆਦਿ ਨਸ਼ਟ) | ੫੦੦੦-੦੦ |
| ਸ: ਤੇਜਾ ਸਿੰਘ ਪੁਤਰ ਕੇਸਰ ਸਿੰਘ, ਤੇਂਹਗ (ਜਲੰਧਰ (ਹੜ੍ਹਾਂ ਕਾਰਨ ਸਭ ਕੁਝ ਤਬਾਹ) | ੧੦,੦੦੦-੦੦ |

www.AKJ.Org

# ਅੰਮ੍ਰਿਤਸਰ ਵਿਖੇ ਵੈਸਾਖੀ ਦਾ ਲੋਕਲ ਪ੍ਰੋਗਰਾਮ

ਵੈਸਾਖੀ ਦਾ ਸਮਾਗਮ ਤਿੰਨ ਸੈਂਟਰਲ ਸਮਾਗਮਾਂ ਵਿਚੋਂ ਇਕ ਹੈ। ਜਨਵਰੀ ੮੯ ਦੇ 'ਸੂਰਾ' ਵਿਚ ਸੂਚਨਾ ਦਿਤੀ ਗਈ ਸੀ ਕਿ ਤਿੰਨ ਸੈਂਟਰਲ ਸਮਾਗਮਾਂ ਨੂੰ ਛਡ ਕੇ ਮੌਜੂਦਾ ਹਾਲਾਤ ਵਿਚ ਬਾਕੀ ਸਾਰੇ ਸਮਾਗਮ ਲੋਕਲ ਪੱਧਰ ਤੇ ਕੀਤੇ ਜਾਇਆ ਕਰਨ। ਅਤੇ ਇਨ੍ਹਾਂ ਤਿੰਨਾਂ ਸੈਂਟਰਲ ਸਮਾਗਮਾਂ ਤੋਂ ਬਿਨਾਂ ਬਾਕੀ ਸਮਾਗਮਾਂ ਦੀ ਸੂਚਨਾ 'ਸੂਰਾ' ਵਿਚ ਨਾ ਛਾਪੀ ਜਾਏ, ਤੇ ਨਾ ਹੀ ਇਸ਼ਤਿਹਾਰਬਾਜ਼ੀ ਕੀਤੀ ਜਾਏ ! ਫਿਰ ਮਾਰਚ ਦੇ 'ਸੂਰਾ' ਵਿਚ ਇਹ ਵੀ ਛਾਪ ਦਿਤਾ ਗਿਆ ਕਿ ਐਤਕੀ ਵੈਸਾਖੀ ਦਾ ਪੁਰਬ ਵੀ ਹਾਲਾਤ ਨੂੰ ਮੁਖ ਰਖਦਿਆਂ ਸਭ ਥਾਈਂ ਲੋਕਲ ਪੱਧਰ ਤੇ ਮਨਾਇਆ ਜਾਵੇ।

ਅਖੰਡ ਕੀਰਤਨੀ ਜਥੇ ਨਾਲ ਸੰਬੰਧਤ ਸੰਗਤਾਂ ਨੇ ਹੁਣ ਲੋਕਲ ਪ੍ਰੋਗਰਾਮ ਕਰਨ ਦਾ ਨਿਰਣਾ ਕੀਤਾ ਹੈ।

ਖਾਲਸਾ ਜੀ ਦਾ ਸੇਵਕ–ਰਾਮ ਸਿੰਘ (ਜਥੇਦਾਰ) ਅਖੰਡ ਕੀਰਤਨੀ ਜਥਾ

## ਲੋਕਲ ਪ੍ਰੋਗਰਾਮ ਹੇਠ ਲਿਖੇ ਅਨੁਸਾਰ ਹੋਵੇਗਾ–

12.4.89 ਸਵੇਰੇ 5 ਵਜੇ ਸ੍ਰੀ ਅਖੰਡਪਾਠ ਸਾਹਿਬ ਦਾ ਭੋਗ, ਉਪਰੰਤ 11 ਵਜੇ ਤਕ ਕੀਰਤਨ ਗੁਰਦਵਾਰਾ ਬੀ ਬਲਾਕ ਵਿਖੇ
ਸ਼ਾਮ 6 ਤੋਂ 8–30 ਕੀਰਤਨ ਗੁਰਦਵਾਰਾ ਪਿਪਲੀ ਸਾਹਿਬ ਵਿਖੇ

13.4.89 ਸਵੇਰੇ 5 ਤੋਂ 12–00 ਕੀਰਤਨ ਗੁਰਦਵਾਰਾ ਬਿਬੇਕਸਰ ਸਾਹਿਬ ਵਿਖੇ
ਸ਼ਾਮ 7 ਵਜੇ ਰੈਣ ਸਬਾਈ ਕੀਰਤਨ ਅਰੰਭ ਅਤੇ ਅੰਮ੍ਰਿਤ–ਸਿੰਚਾਰ

ਨੋਟ–ਲੰਗਰ ਤੇ ਰਿਹਾਇਸ਼ ਗੁ: ਸ਼ਹੀਦਗੰਜ, ਬੀ ਬਲਾਕ ਵਿਖੇ।

ਪ੍ਰਾਰਥਕ
ਸੰਗਤ, ਅਖੰਡ ਕੀਰਤਨੀ ਜਥਾ, ਅੰਮ੍ਰਿਤਸਰ

## ਅਖੰਡ ਕੀਰਤਨੀ ਜਥਾ ਯੂ. ਕੇ. ਵਲੋਂ ਗੁਰਮਤਿ ਸਮਾਗਮ

20 ਤੋਂ 22 ਅਪ੍ਰੈਲ ਸ਼ਾਮ ਨੂੰ ਸ੍ਰੀ ਅਖੰਡਪਾਠ ਦੇ ਭੋਗ ਉਪਰੰਤ ਰੈਣ ਸਬਾਈ ਕੀਰਤਨ ਅਤੇ ਅੰਮ੍ਰਿਤ ਸਿੰਚਾਰ ਸਮਾਗਮ ਹੋਣਗੇ। ਗੁਰੂ ਕੇ ਭੌਰੇ ਤੇ ਅਭਿਲਾਖੀ ਸਜਣ ਗੁਰਦਵਾਰਾ ਸਾਹਿਬ ਲਮਿੰਗਟਨ-ਸਪਾ ਵਿਖੇ ਪੁਜ ਕੇ ਲਾਹੇ ਪ੍ਰਾਪਤ ਕਰਨ।

ਪੁਛ ਗਿਛ : ਭਾਈ ਜਰਨੈਲ ਸਿੰਘ ਫੋਨ 0926-330[illegible]08

# ਭਾਈ ਸਾਹਿਬ ਰਣਧੀਰ ਸਿੰਘ ਜੀ ਦੀਆਂ ਛਪਾਈ ਅਧੀਨ ਪੁਸਤਕਾਂ

ਹੇਠ ਲਿਖੀਆਂ ਪੁਸਤਕਾਂ ਦੀਆਂ ਨਵੀਆਂ ਐਡੀਸ਼ਨਾਂ ਛੇਤੀ ਹੀ ਛਪ ਜਾਣਗੀਆਂ :

| | | |
|---|---|---|
| ਅੰਮ੍ਰਿਤ ਕੀ ਹੈ ? | ਗੁਰਮਤਿ ਨਾਮ ਅਭਿਆਸ ਕਮਾਈ | ਗੁਰਮਤਿ ਲੇਖ |
| ਗੁਰਮਤਿ ਪ੍ਰਕਾਸ਼ | ਨਾਮ ਤੇ ਨਾਮ ਦਾ ਦਾਤਾ ਸਤਿਗੁਰੂ | ਗੁਰਮਤਿ ਵਿਚਾਰ |

ਹੇਠ ਲਿਖੀਆਂ ਪੁਸਤਕਾਂ ਤੇ ਟ੍ਰੈਕਟ ਭਾ: ਸਾ: ਰਣਧੀਰ ਸਿੰਘ ਟ੍ਰਸਟ, 23–ਜੀ, ਸਰਾਭਾ ਨਗਰ ਲੁਧਿਆਣਾ ਤੋਂ ਮਿਲਦੇ ਹਨ–

| | | | |
|---|---|---|---|
| ਗੁਰਬਾਣੀ ਲਗਾਂ ਮਾਤ੍ਰਾਂ ਦੀ ਵਿਲੱਖਣਤਾ | ੨੫–੦੦ | ਜੇਲ੍ਹ ਚਿਠੀਆਂ (ਨਵੀਂ ਛਾਪ) | ੩੦–੦੦ |
| ਜੋਤਿ ਵਿਗਾਸ (ਮਹਾਂ ਕਾਵਿ) | ੧੭–੫੦ | ਗੁਰਮਤਿ ਬਿਬੇਕ | ੭–੫੦ |
| ਵਾਹਿਗੁਰੂ ਸਿਮਰਨ | ੦ ੫੦ | ਦਰਸ਼ਨ ਝਲਕਾਂ (ਕਵਿਤਾਵਾਂ) | ੫–੦੦ |
| ਆਸਤਕ ਤੇ ਨਾਸਤਕ | ੦–੩੫ | ਝਟਕਾ ਮਾਸ ਪ੍ਰਥਾਇ ਤੱਤ ਗੁਰਮਤਿ ਨਿਰਣਯ | ੬–੦੦ |
| ਜ਼ਾਹਰਾ ਜ਼ਹੂਰ ਗੁਰੂ ਗੋਬਿੰਦ ਸਿੰਘ | ੦–੨੫ | ਸਿੰਘਾਂ ਦਾ ਪੰਥ ਨਿਰਾਲਾ | ੧–੦੦ |
| ਨਿਰਬਾਣ ਕੀਰਤਨੀ ਸਿੰਘਾਂ ਦੀ ਦਾਸਤਾਨ | ੦–੮੦ | ਤਿਮਰ ਅਗਿਆਨ ਤੋਂ ਉਜਿਆਰਾ | ੦–੩੦ |

# 'ਸੂਰਾ' ਮਾਸਕ ਪੱਤਰ ਦਾ ਨਵਾਂ ਦਫ਼ਤਰ

ਗਲਿਆਰਾ ਸਕੀਮ ਅਧੀਨ ਪਹਿਲਾ ਦਫਤਰ ਡਿਗ ਜਾਣ ਕਰਕੇ ਹੁਣ ਨਵੇਂ ਦਫ਼ਤਰ ਦਾ ਪਤਾ ਇਉਂ ਹੈ–

ਸੁਲਤਾਨਵਿੰਡ ਗੇਟ ਦੇ ਬਾਹਰ, ਪਾਣੀ–ਟੈਂਕੀ ਦੇ ਸਾਹਮਣੇ, ਅਜੀਤ ਨਗਰ ਦੇ ਲਾਗੇ ਦਸਮੇਸ਼ ਕਲਾਥ ਮਾਰਕੀਟ ਵਿਖੇ ਪਲਾਟ ਨੰਬਰ 390 ਹੈ। ਅਗੋਂ ਤੋਂ ਸੂਰਾ ਦਾ ਐਡਰੈਸ ਹੇਠ ਲਿਖੇ ਅਨੁਸਾਰ ਹੈ–

**'ਸੂਰਾ' ਮਾਸਕ ਪੱਤਰ, 390-ਦਸਮੇਸ਼ ਕਲਾਥ ਮਾਰਕੀਟ, ਅਜੀਤ ਨਗਰ, ਅੰਮ੍ਰਿਤਸਰ**

www.AKJ.Org